# ਕਿਸ ਤਰ੍ਹਾਂ ਦੀ ਪਾਰਟੀ?

## ਹਰਦਿਆਲ ਬੈਂਸ

ਇਸ ਵੇਲੇ ਸਾਰੇ ਜਹਾਨ ਨੂੰ ਇਹ ਸਿਧਾਂਤ ਸਵੀਕਾਰਨ ਲਈ ਮਜਬੂਰ ਕੀਤਾ ਜਾ ਰਿਹਾ ਹੈ ਕਿ "ਨਿਘਾਰ ਹੋਣਾ ਲਾਜ਼ਮੀ ਹੈ ਕਿਉਂਕਿ ਇਹਦਾ ਹੋਰ ਕੋਈ ਬਦਲ ਨਹੀਂ"। ਆਰਥਕ ਖੇਤਰ ਵਿਚ, ਕਿਹਾ ਜਾ ਰਿਹਾ ਹੈ ਕਿ ਬੇਰੁਜ਼ਗਾਰੀ ਅਤੇ ਅਨਿਸ਼ਚਿਤਾ ਦਾ ਕੋਈ ਬਦਲ ਨਹੀਂ। ਸਿਆਸੀ ਖੇਤਰ ਵਿਚ, ਕਿਹਾ ਜਾ ਰਿਹਾ ਹੈ ਕਿ ਬਹੁਗਿਣਤੀ ਚੋਣਕਾਰਾਂ ਦੇ ਉੱਤੇ ਮੁਠੀ ਭਰ ਸਿਆਸੀ ਕੁਲੀਨ ਵਰਗ ਦੀ ਹਕੂਮਤ ਦਾ ਹੋਰ ਕੋਈ ਬਦਲ ਨਹੀਂ। ਸਮਾਜੀ ਤੇ ਸਭਿਆਚਾਰਕ ਖੇਤਰ ਵਿਚ, ਇਹ ਕਿਹਾ ਜਾ ਰਿਹਾ ਹੈ ਕਿ ਰੂਹਾਨੀ ਤਬਾਹੀ ਅਤੇ ਹਰ ਕਿਸਮ ਦੀ ਬੇਹੂਦਗੀ ਦਾ ਕੋਈ ਬਦਲ ਨਹੀਂ। ਲੋਕਾਂ ਅਤੇ ਕੌਮਾਂ ਦੇ ਆਪਸੀ ਰਿਸ਼ਤਿਆਂ ਦੇ ਖੇਤਰ ਵਿਚ, ਇਹ ਕਿਹਾ ਜਾ ਰਿਹਾ ਹੈ ਕਿ ਨਸਲਵਾਦ, ਲਿੰਗਵਾਦ, ਫ਼ਾਸ਼ੀਵਾਦ ਅਤੇ ਜੰਗ ਦੇ ਬਗੈਰ ਹੋਰ ਕੋਈ ਬਦਲ ਨਹੀਂ। ਕੁਦਰਤੀ ਵਾਤਾਵਰਨ ਬਾਰੇ ਨਜ਼ਰੀਆ ਇਹ ਹੈ ਕਿ ਬੇਮੁਹਾਰੀ ਖਪਤ ਅਤੇ ਤਬਾਹੀ ਦਾ ਕੋਈ ਬਦਲ ਨਹੀਂ। ਮੁਕਦੀ ਗੱਲ ਇਹ ਕਿ ਸਾਨੂੰ ਇਹ ਸਮਝਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਕਿ "ਕੋਈ ਬਦਲ ਹੈ ਈ ਨਹੀਂ"। ਇਸ ਬਹਾਨੇ ਹਰ ਉਹ ਚੀਜ਼ ਵਾਜਬ ਦੱਸੀ ਜਾ ਰਹੀ ਹੈ ਜੋ ਕਤਈ ਵਾਜਬ ਨਹੀਂ ਕਹੀ ਜਾ ਸਕਦੀ। ਇਰਾਕ ਦੇ ਖ਼ਿਲਾਫ਼ ਤਾਕਤ ਵਰਤਣਾ ਇਹਦੀ ਇਕ ਮਿਸਾਲ ਹੈ। ਲੋਕਾਂ ਅਤੇ ਕੌਮਾਂ ਵਿਚਕਾਰ ਮਤਭੇਦਾਂ ਦੇ ਹੱਲ ਲਈ ਤਾਕਤ ਦੀ ਵਰਤੋਂ ਦੀ ਵਾਰ ਵਾਰ ਧਮਕੀ ਦੇਣਾ ਇਹਦੀ ਇਕ ਹੋਰ ਮਿਸਾਲ ਹੈ। ਕੀ ਇਹਦਾ ਕੋਈ ਬਦਲ ਹੈ? ਹਾਂ, ਬਿਲਕੁਲ, ਇਹ ਗੱਲ ਠੋਕ ਵਜਾ ਕੇ ਕਹੀ ਜਾ ਸਕਦੀ ਹੈ ਕਿ ਮਨੁੱਖੀ ਤਹਿਜ਼ੀਬ ਦਾ ਵਿਕਾਸ ਬਦਲ ਲੱਭ ਲੱਭ ਕੇ ਹੀ ਹੁੰਦਾ ਆਇਆ ਹੈ। ਇਹ ਕਿਹੜਾ ਨਜ਼ਰੀਆ ਹੈ ਕਿ ਅਧੋਗਤੀ ਦਾ ਬਦਲ ਕੋਈ ਨਹੀਂ ਤੇ ਹਰ ਚੀਜ਼ ਦਾ ਬਦਤਰ ਹੁੰਦੇ ਜਾਣਾ ਠੀਕ ਹੈ? ਜਿਹੜੀ ਦਲੀਲ ਸਮਾਜ ਦੀ ਤਰੱਕੀ ਦਾ ਰਾਹ ਬੰਦ ਕਰਦੀ ਹੈ ਉਹਨੂੰ ਇਹ ਕਹਿਕੇ ਠੀਕ ਕਿਸ ਤਰ੍ਹਾਂ ਕਿਹਾ ਜਾ ਸਕਦਾ ਹੈ ਕਿ ਇਹਦਾ ਕੋਈ ਬਦਲ ਹੀ ਨਹੀਂ? ਸੀ.ਪੀ.ਸੀ. (ਮ-ਲ) ਦੀ ਸਥਾਪਨਾ 1970 ਵਿਚ ਲੈਨਿਨ ਦੀ ਦਿਤੀ ਗਈ ਸੇਧ ਅਨੁਸਾਰ "ਇਕ ਨਵੀਂ ਤਰਜ਼ ਦੀ ਪਾਰਟੀ" ਦੇ ਤੌਰ ਤੇ ਕੀਤੀ ਗਈ ਸੀ। ਇਸ ਕਿਸਮ ਦੀ ਪਾਰਟੀ ਦੇ ਵਿਰੋਧ ਵਿਚ ਬੜੇ ਇਤਰਾਜ਼ ਵੀ ਉਠਾਏ ਗਏ ਹਨ ਪਰ ਫੇਰ ਵੀ ਤਮਾਮ ਦੁਨੀਆ ਵਿਚ ਇਹੋ ਜਿਹੀਆਂ ਪਾਰਟੀਆਂ ਦੀਆਂ ਸਫ਼ਾਂ ਵਿਚ ਅਨੇਕਾ ਉਚ ਕੋਟੀ ਦੇ ਦਿਮਾਗਾਂ ਵਾਲੇ ਵਿਅਕਤੀ ਲੜਦੇ ਆਏ ਹਨ। ਹੋਰ ਹਰ ਕਿਸਮ ਦੀ ਪਾਰਟੀ ਨੂੰ ਰੱਦ ਕਰਨ ਦੇ ਨਾਲ, ਜਿਵੇਂ ਕਿ ਐਸ ਵੇਲੇ ਵਿਸ਼ਾਲ ਪੈਮਾਨੇ ਤੇ ਕੀਤਾ ਜਾ ਰਿਹਾ ਹੈ, ਕੀ ਇਸ ਕਿਸਮ ਦੀ ਪਾਰਟੀ ਦਾ ਵੀ ਕੋਈ ਬਦਲ ਹੈ? ਤਾਕਤ ਕੌਣ ਸਾਂਭੇ? ਇਸ ਗੱਲ ਉਤੇ ਲੋਕ-ਚਰਚਾ ਚਲਾਉਣਾ ਸਮੇਂ ਦੀ ਲੋੜ ਹੈ। ਇਸ ਵੇਲੇ ਕਿਸ ਕਿਸਮ ਦੀ ਪਾਰਟੀ ਦੀ ਜ਼ਰੂਰਤ ਹੈ, ਇਸ ਚਰਚਾ ਵਿਚ ਇਹ ਮਸਲਾ ਲਾਜ਼ਮੀ ਆਏਗਾ ਕਿ ਤਾਕਤ ਕੌਣ ਸੰਭਾਲੇਗਾ। ਸਮਾਜ ਦੇ ਵਿਕਾਸ ਨਾਲ ਕਈ ਖ਼ਾਸ ਚੀਜ਼ਾਂ ਫ਼ਜ਼ੂਲ ਬਣ ਕੇ ਰਹਿ ਜਾਂਦੀਆਂ ਹਨ। ਸਿਆਸਤ ਦੇ ਖੇਤਰ ਬਾਰੇ ਕੀ ਇਹ ਕਿਹਾ ਜਾ ਸਕਦਾ ਹੈ ਕਿ ਪੁਰਾਣੀ ਕਿਸਮ ਦੀਆਂ ਪਾਰਟੀਆਂ, ਜਾਣੀ ਜਿਸ ਤਰ੍ਹਾਂ ਦੀਆਂ ਪਾਰਟੀਆਂ ਤੋਂ ਅਸੀਂ ਭਲੀ ਭਾਂਤ ਵਾਕਫ਼ ਹਾਂ, ਫ਼ਜ਼ੂਲ ਬਣ ਕੇ ਰਹਿ ਗਈਆਂ ਹਨ? ਇਹੋ ਜਿਹੀਆਂ ਪਾਰਟੀਆਂ ਦੀ ਹੋਂਦ ਦਾ ਮਕਸਦ ਸਿਆਸੀ ਤਾਕਤ ਹਥਿਆਉਣਾ ਹੈ। ਕੀ ਸਿਆਸੀ ਤਾਕਤ ਕਾਬੂ ਕਰਨਾ ਹੀ ਕਿਸੇ ਸਿਆਸੀ ਪਾਰਟੀ ਦਾ ਮੁਖ ਮਕਸਦ ਹੋਣਾ ਚਾਹੀਦਾ ਹੈ? ਇਲੈਕਸ਼ਨ ਕੈਨੇਡਾ (ਕਨੈਡੀਅਨ ਇਲੈਕਸ਼ਨ ਕਮਿਸ਼ਨ) ਉਸ ਸਿਆਸੀ ਪਾਰਟੀ ਨੂੰ ਮਾਨਤਾ ਨਹੀਂ ਦਿੰਦਾ ਜੋ ਚੋਣਾਂ ਵਿਚ ਘੱਟ ਤੋਂ ਘੱਟ 50 ਉਮੀਦਵਾਰ ਖੜੇ ਨਹੀਂ ਕਰਦੀ। ਕਹਿੰਦੇ ਹਨ ਕਿ ਇਹਦੀ ਲੋੜ ਇਹ ਸਬੂਤ ਦੇਣ ਲਈ ਹੈ ਕਿ ਕੋਈ ਪਾਰਟੀ ਤਾਕਤ ਵਿਚ ਆਉਣ ਦੀ ਕੋਸ਼ਿਸ਼ ਸੰਜੀਦਗੀ ਨਾਲ ਕਰ ਰਹੀ ਹੈ ਕਿ ਨਹੀਂ। ਕੀ ਇਕ ਪਾਰਟੀ ਨੂੰ ਸਿਆਸੀ ਪਾਰਟੀ ਵਜੋਂ ਤਸਲੀਮ ਕਰਨ ਲਈ ਇਹ ਮਾਪ-ਦੰਡ ਵਰਤਣਾ ਚਾਹੀਦਾ ਹੈ? ਇਹ ਆਮ ਹੀ ਜਾਣਿਆਂ ਜਾਂਦਾ ਹੈ ਕਿ ਚੋਣਕਾਰ ਸਿਆਸੀ ਪ੍ਰਣਾਲੀ ਅਤੇ ਸਿਆਸਤਦਾਨਾਂ ਤੋਂ ਬੜੇ ਨਾਖ਼ੁਸ਼ ਹਨ। ਵੋਟਰ ਕੀ ਚਾਹੁੰਦੇ ਹਨ? ਇਕ ਗਲ ਸਾਫ਼ ਹੈ ਕਿ ਚੋਣਾਂ ਦੇ ਬਾਅਦ ਵੋਟਰ ਆਪ ਰਾਜ ਕਰਨਾ ਚਾਹੁੰਦੇ ਹਨ। ਇਹਦਾ ਮਤਲਬ ਇਹ ਹੈ ਕਿ ਵੋਟਰ ਯਕੀਨੀ ਬਣਾਉਣਾ ਚਾਹੁੰਦੇ ਹਨ ਕਿ ਸਾਰੇ ਵੋਟਰਾਂ ਨੂੰ ਚੁਣਨ ਅਤੇ ਚੁਣੇ ਜਾਣ ਦਾ ਹੱਕ ਹੋਵੇ ਤੇ ਸਰਕਾਰ ਦੇ ਅਦਾਰਿਆਂ ਵਲੋਂ ਕੀਤੇ ਜਾਣ ਵਾਲੇ ਫੈਸਲਿਆਂ ਉੱਤੇ ਚੋਣਕਾਰ ਦਾ ਕੰਟਰੋਲ ਹੋਵੇ।

## ਪ੍ਰਤੀਨਿਧ ਜਮਹੂਰੀਅਤ ਹੀ ਕਾਫ਼ੀ ਨਹੀਂ

1860 ਤੋਂ ਚਲਿਆ ਆਉਂਦਾ ਤੇ ਵਿਕਸਿਆ ਸਿਆਸੀ ਸਿਸਟਮ ਸਿਆਸੀ ਪਾਰਟੀਆਂ ਨੂੰ ਸ਼ਾਸਨ ਦੀ ਪ੍ਰਕਿਰਿਆ ਵਿਚ ਇਕ ਫੈਸਲਾਕੁਨ ਸਥਾਨ ਦਿੰਦਾ ਹੈ। ਮੌਜੂਦਾ ਸਿਸਟਮ ਇਸ ਤਰ੍ਹਾਂ ਹੈ ਕਿ ਸਾਰੀਆਂ ਸਿਆਸੀ ਪਾਰਟੀਆਂ ਆਪਣੇ ਸਿਆਸੀ ਪ੍ਰੋਗਰਾਮ ਪੇਸ਼ ਕਰਨ ਅਤੇ ਵੋਟਰ ਇਕ ਮਿਥੇ ਹੋਏ ਸਮੇਂ ਲਈ ਉਸ ਪਾਰਟੀ ਨੂੰ ਚੁਣ ਲੈਣ ਜੋ ਉਹ ਸਮਝਦੇ ਹਨ ਕਿ ਉਨ੍ਹਾਂ ਦੀ ਪ੍ਰਤੀਨਿਧਤਾ ਚੰਗੀ ਤਰ੍ਹਾਂ ਕਰੇਗੀ। ਕੈਨੇਡਾ ਵਿਚ ਇਹ ਸਮਾਂ ਵੱਧੋ ਵੱਧ ਪੰਜ ਸਾਲ ਦਾ ਹੈ। ਜੇਕਰ ਵੋਟਰ ਚੁਣੀ ਹੋਈ ਪਾਰਟੀ ਤੋਂ ਸੰਤੁਸ਼ਟ ਨਹੀਂ ਤਾਂ ਆਉਂਦੀਆਂ ਚੋਣਾਂ ਵਿਚ ਕਿਸੇ ਹੋਰ ਪਾਰਟੀ ਨੂੰ ਚੁਣ ਲੈਣ। ਲੇਕਿਨ, ਵੋਟਰ ਇਸ ਪ੍ਰਣਾਲੀ ਤੋਂ ਖ਼ੁਸ਼ ਨਹੀਂ ਹਨ। ਉਹ ਸਿਧੇ ਤੌਰ ਤੇ ਪੈਗਾਮ ਦੇ ਰਹੇ ਹਨ ਕਿ ਆਪਣੀ ਪ੍ਰਤੀਨਿਧਤਾ ਉਹ ਆਪ ਕਰਨੀ ਚਾਹੁੰਦੇ ਹਨ। ਉਹ ਚੁਣੇ ਹੋਏ ਨੁਮਾਇੰਦਿਆਂ ਤੇ ਹੁਣ ਹੋਰ ਇਤਬਾਰ ਨਹੀਂ ਕਰ ਰਹੇ। ਬੇਸ਼ੱਕ ਕਿਹਾ ਇਹ ਜਾਂਦਾ ਹੈ ਕਿ ਉਹ ਆਪਣੀ ਮਰਜ਼ੀ ਦੇ ਉਮੀਦਵਾਰ ਨੂੰ ਆਪਣਾ ਪ੍ਰਤੀਨਿਧ ਚੁਣ ਸਕਦੇ ਹਨ ਪਰ ਇਹ ਉਮੀਦਵਾਰ ਸਿਆਸੀ ਪਾਰਟੀਆਂ ਆਪ

ਚੁਣ ਕੇ ਖੜੇ ਕਰਦੀਆਂ ਹਨ। 120 ਸਾਲਾਂ ਤੋਂ ਵਧੇਰੇ ਸਮੇਂ ਤੋਂ ਵਿਕਸਤ ਹੁੰਦੀ ਆ ਰਹੀ ਪ੍ਰਤੀਨਿਧ ਜਮਹੂਰੀਅਤ ਨੂੰ ਚੋਣਕਾਰ ਇਸ ਵੇਲੇ ਰੱਦ ਕਿਉਂ ਕਰ ਰਹੇ ਹਨ? ਇਹਦਾ ਕਾਰਨ ਬਿਲਕੁਲ ਸਪੱਸ਼ਟ ਹੈ। ਪ੍ਰਤੀਨਿਧ ਜਮਹੂਰੀਅਤ ਸਥਾਪਤ ਕਰਨ ਵਾਲੇ ਲੋਕ ਜਾਇਦਾਦਾਂ ਦੇ ਮਾਲਕ ਲੋਕ ਸਨ ਅਤੇ ਉਨ੍ਹਾਂ ਨੇ ਕਾਨੂੰਨ ਦਾ ਰਾਜ ਯਕੀਨੀ ਬਣਾਉਣ ਲਈ ਇਹਦਾ ਗਠਨ ਕੀਤਾ ਸੀ। ਉਨ੍ਹਾਂ ਨੇ ਇਕ ਦੂਸਰੇ ਨੂੰ (ਜਾਇਦਾਦ ਦੇ ਮਾਲਕਾਂ ਨੂੰ) ਬਰਾਬਰ ਦੇ ਹੱਕ ਦਿਤੇ, ਪ੍ਰਤੀਨਿਧ ਚੁਣਨ ਦੇ ਅਤੇ ਪ੍ਰਤੀਨਿਧ ਚੁਣੇ ਜਾਣ ਦੇ ਜੋ ਇਕ ਮਿਥੇ ਹੋਏ ਸਮੇਂ ਲਈ ਰਾਜ ਕਾਜ ਚਲਾਉਣ। ਇਹੋ ਜਿਹੀ ਜਮਹੂਰੀਅਤ ਤਦ ਤੱਕ ਤਾਂ ਚਲਦੀ ਰਹੀ ਜਦ ਤੱਕ ਬਹੁਗਿਣਤੀ ਲੋਕਾਂ ਨੂੰ ਵੋਟ ਪਾਉਣ ਦੇ ਹੱਕ ਨਹੀਂ ਸਨ। ਬਹੁਗਿਣਤੀ ਲੋਕਾਂ ਨੂੰ ਸਿਰਫ਼ ਇਕ ਉਤਪਾਦਕ ਸ਼ਕਤੀ ਹੀ ਸਮਝਿਆ ਗਿਆ ਅਤੇ ਜਹਾਲਤ ਵਿਚ ਰਖਿਆ ਗਿਆ। ਐਪਰ, ਸਮਾਜ ਦਾ ਹੋਰ ਵਿਕਾਸ ਹੋਇਆ ਅਤੇ ਵੋਟ ਦਾ ਹੱਕ ਸਾਰੇ ਲੋਕਾਂ ਨੇ ਹਾਸਲ ਕਰ ਲਿਆ। ਲੇਕਿਨ, ਸਮਾਜ ਦੀ ਪ੍ਰਤੀਨਿਧਤਾ ਕੌਣ ਕਰੇਗਾ ਦੇ ਸਵਾਲ ਦਾ ਫੈਸਲਾ ਹਾਲੇ ਵੀ ਉਹੋ ਹੀ ਕਰਦੇ ਹਨ ਜੋ ਜਾਇਦਾਦਾਂ ਦੇ ਮਾਲਕ ਹਨ। ਜਮਾਤੀ ਵਿਸ਼ੇਸ਼-ਹੱਕਾਂ ਵਾਲਾ ਤਬਕਾ ਚੋਣਾਂ ਦੇ ਨਤੀਜੇ ਨੂੰ ਅਜੇ ਵੀ ਪ੍ਰਭਾਵਤ ਕਰਦਾ ਹੈ ਹਾਲਾਂ ਕਿ ਜਿਸ ਸੁਸਾਇਟੀ ਦਾ ਪ੍ਰਤੀਨਿਧ ਇਹ ਚੁਣੇ ਹੋਏ ਨੁਮਾਇੰਦੇ ਕਰਦੇ ਦੱਸੇ ਜਾਂਦੇ ਹਨ ਉਹ ਹੁਣ ਸਿਰਫ਼ ਜਾਇਦਾਦ ਵਾਲਿਆਂ ਦੀ ਹੀ ਨਹੀਂ ਰਹੀ। ਹੁਣ ਸਮਾਜ ਦਾ ਮੁਫ਼ਾਦ ਜਾਇਦਾਦ ਵਾਲਿਆਂ ਦੇ ਮੁਫ਼ਾਦ ਤੋਂ ਵੱਡਾ ਹੈ। ਇਸ ਹਕੀਕੀ ਵਿਕਾਸ ਦਾ ਅਕਸ ਚੋਣਕਾਰਾਂ ਦੀ ਸੂਝ ਵਿਚ ਵੀ ਮਿਲਦਾ ਹੈ ਅਤੇ ਚੋਣਕਾਰ ਹੁਣ ਮੰਗ ਕਰ ਰਹੇ ਹਨ ਕਿ ਚੋਣ ਪ੍ਰਣਾਲੀ ਨੂੰ ਤਬਦੀਲ ਕੀਤਾ ਜਾਏ।

## ਇਹਦਾ ਜਵਾਬ ਕੀ ਜਮਾਤੀ ਜਮਹੂਰੀਅਤ ਹੈ?

ਰੂਸ ਵਿਚ ਆਇਆ 1917 ਦਾ ਮਹਾਨ ਅਕਤੂਬਰ ਇਨਕਲਾਬ ਇਕ ਨਵੀਂ ਕਿਸਮ ਦੀ ਜਮਹੂਰੀਅਤ ਲਿਆਇਆ। ਇਸ ਜਮਹੂਰੀਅਤ ਨੇ ਹਕੀਕੀ ਤੌਰ ਤੇ ਐਲਾਨ ਕੀਤਾ ਕਿ ਇਹ ਮਜ਼ਦੂਰ ਜਮਾਤ ਅਤੇ ਹੋਰ ਕਿਰਤੀਆਂ ਦੇ ਹੱਕ ਦੀ ਜਮਹੂਰੀਅਤ ਹੈ। ਇਹ ਨੇ ਸਿਆਸੀ ਪ੍ਰਣਾਲੀ ਦੀ ਵੀ ਇਕ ਨਵੀਂ ਪਰਿਭਾਸ਼ਾ ਪੇਸ਼ ਕੀਤੀ। ਨਵੀਂ ਪ੍ਰਣਾਲੀ ਨਾਲ ਮਜ਼ਦੂਰਾਂ ਅਤੇ ਹੋਰਨਾ ਦੇ ਚੁਣੇ ਜਾਣ ਲਈ ਅਤੇ ਆਪੋ ਆਪਣੇ ਜਮਾਤੀ ਹਿਤ ਅੱਗੇ ਕਰਨ ਲਈ ਰਾਹ ਪੱਧਰਾ ਹੋਇਆ। ਮਜ਼ਦੂਰ ਜਮਾਤ ਦੀ ਚੇਤਨਾ ਅਤੇ ਤਨਜ਼ੀਮ ਨੂੰ ਇਕ ਹੀ ਸਿਆਸੀ ਰੂਪ ਮੁਹੱਈਆ ਕਰਨ ਲਈ ਇਕ ਹੀ ਪਾਰਟੀ ਸਾਹਮਣੇ ਆਈ। ਮਜ਼ਦੂਰ ਜਮਾਤ ਦੀਆਂ ਹੋਰ ਸਾਰੀਆਂ ਤਨਜ਼ੀਮਾਂ ਇਸ ਹਾਕਮ ਪਾਰਟੀ ਦੇ ਮਤਹਿਤ ਸਨ। ਇਸ ਸਿਆਸੀ ਪ੍ਰਣਾਲੀ ਹੇਠ ਚੁਣੀ ਗਈ ਹਕੂਮਤ ਵਿਧਾਨਕਾਰੀ ਅਦਾਰੇ ਦੇ ਮਤਹਿਤ ਸੀ। ਵਿਧਾਨਕਾਰੀ ਅਦਾਰਾ ਹੀ ਸਰਬ-ਉਚ ਸੀ। ਸਮਾਜ ਦੇ ਸਾਰੇ ਮਾਮਲੇ ਅਤੇ ਸੰਵਿਧਾਨ ਦੇ ਸਾਰੇ ਮਾਮਲੇ ਇਹ ਅਦਾਰਾ ਹੀ ਤੈ ਕਰਦਾ ਸੀ। ਚੋਣਾਂ ਵਕਤ ਸਿਰ ਹੁੰਦੀਆਂ ਸਨ ਤੇ ਸਾਰੇ ਚੋਣਕਾਰ ਉਮੀਦਵਾਰਾਂ ਨੂੰ ਆਪ ਸਲੈਕਟ ਵੀ ਕਰਦੇ ਸਨ ਤੇ ਚੁਣਦੇ ਵੀ ਸਨ। ਸੋਵੀਅਤ ਯੂਨੀਅਨ ਵਿਚ ਇਹ ਸਿਸਟਮ 70ਸਾਲ ਤੱਕ ਚਲਦਾ ਰਿਹਾ। ਲੇਕਿਨ, ਅਖੀਰ ਵਿਚ ਲੋਕਾਂ ਦੀ ਇਸ ਸਿਸਟਮ ਨਾਲ ਵੱਡੇ ਪੈਮਾਨੇ ਤੇ ਅਸੰਤੁਸ਼ਟੀ ਹੀ ਇਹਦੇ ਖ਼ਾਤਮੇ ਦਾ ਕਾਰਨ ਬਣੀ। ਸੋਵੀਅਤ ਯੂਨੀਅਨ ਅਤੇ ਹੋਰ ਮੁਲਕਾਂ ਦੀ ਮਜ਼ਦੂਰ ਜਮਾਤ ਅਤੇ ਕਾਮੇ ਲੋਕਾਂ ਨੇ ਇਸ ਸਿਸਟਮ ਨੂੰ ਰੱਦ ਕਿਉਂ ਕੀਤਾ? ਇਸ ਸਿਸਟਮ ਦਾ ਮੁਖ ਲੱਛਣ ਇਹ ਹੈ ਕਿ ਚੋਣਕਾਰ ਹੀ ਕਾਨੂੰਨ ਬਣਾਉਣਗੇ। ਇਸ ਕੰਮ ਨੂੰ ਯਕੀਨੀ ਬਣਾਉਣ ਲਈ ਕਈ ਵਿਧੀਆਂ ਤੇ ਯੰਤਰ ਬਣਾਏ ਗਏ ਅਤੇ ਲਾਗੂ ਕੀਤੇ ਗਏ। ਲੇਕਿਨ, ਇਨ੍ਹਾਂ ਨੂੰ ਹੋਰ ਅੱਗੇ ਵਿਕਸਤ ਨਹੀਂ ਕੀਤਾ ਗਿਆ ਤੇ ਇਹ ਨਹੀਂ ਹੋ ਸਕਿਆ ਕਿ ਪਾਰਟੀ, ਜੋ ਕਿ ਇਕੋ ਸਿਆਸੀ ਸ਼ਕਤੀ ਸੀ, ਸਾਰੀ ਸਿਆਸੀ ਤਾਕਤ ਚੋਣਕਾਰਾਂ ਦੇ ਹੱਥਾਂ ਵਿਚ ਤਬਦੀਲ ਕਰ ਦੇਵੇ। ਨਤੀਜੇ ਦੇ ਤੌਰ ਤੇ, ਜਿਸ ਵੇਲੇ ਨਿਕੀਤਾ ਖ਼ਰੁਸ਼ਚੋਵ ਤਾਕਤ ਵਿਚ ਆਇਆ, ਉਹ ਅਤੇ ਉਹਦੇ ਪਿਛਲੱਗ ਖ਼ੁਦ ਪਾਰਟੀ ਨੂੰ ਹੀ ਇਕ ਅਜੇਹੇ ਔਜ਼ਾਰ ਵਿਚ ਤਬਦੀਲ ਕਰਨ ਵਿਚ ਸਫ਼ਲ ਹੋ ਗਏ ਜਿਹਦਾ ਮਕਸਦ ਸਟੇਟ ਨੂੰ ਕੰਟਰੋਲ ਹੇਠ ਰੱਖਣਾ ਸੀ। ਉਨ੍ਹਾਂ ਨੇ ਸਿਆਸੀ ਪ੍ਰਣਾਲੀ ਨੂੰ ਸਿਰਫ਼ ਇਕ ਢਕੌਂਸਲਾ ਬਣਾ ਕੇ ਰੱਖ ਦਿਤਾ ਅਤੇ ਸਿਆਸੀ ਪ੍ਰਣਾਲੀ ਇਹ ਗੱਲ ਕਹਿਣ ਲਈ ਸਿਰਫ਼ ਇਕ ਬਹਾਨਾ ਬਣਾ ਲਿਆ ਗਿਆ ਕਿ ਸਟੇਟ ਦੀ ਤਾਕਤ ਹਾਲੇ ਵੀ ਮਜ਼ਦੂਰ ਜਮਾਤ ਅਤੇ ਕਿਰਤੀ ਲੋਕਾਂ ਦੇ ਹੱਥ ਵਿਚ ਹੀ ਸੀ। ਜਾਇਦਾਦ ਅਤੇ ਵਿਸ਼ੇਸ਼-ਹੱਕ ਫਿਰ ਭਾਰੂ ਹੋਣਾ ਸ਼ੁਰੂ ਹੋ ਗਏ ਅਤੇ ਚੋਣਕਾਰਾਂ ਦਾ ਇਸ ਜਮਹੂਰੀਅਤ ਤੋਂ ਬਿਲਕੁਲ ਵਿਸ਼ਵਾਸ ਉਠ ਗਿਆ। ਕੀ ਇਸ ਵੇਲੇ ਜਮਾਤੀ ਜਮਹੂਰੀਅਤ ਵਾਪਸ ਲਿਆ ਕੇ ਗੱਲ ਬਣ ਸਕਦੀ ਹੈ? ਇਸ ਸਵਾਲ ਦਾ ਜਵਾਬ ਨਾਂਹ ਵਿਚ ਹੈ। ਕੈਨੇਡਾ ਦੇ ਚੋਣਕਾਰ ਇਹੋ ਜਿਹੀ ਜਮਹੂਰੀਅਤ ਉੱਤੇ ਵਿਸ਼ਵਾਸ ਨਹੀਂ ਕਰਦੇ ਤੇ ਇਸ ਵੇਲੇ ਇਹਦੀ ਕੋਈ ਲੋੜ ਵੀ ਨਹੀਂ। ਇਹੋ ਜਿਹੀ ਜਮਹੂਰੀਅਤ ਨੂੰ ਸੰਸਾਰ ਦੇ ਕਿਸੇ ਹਿਸੇ ਵਿਚ ਲਿਆਉਣਾ ਐਸ ਵੇਲੇ ਇਕ ਪਿਛੇ ਨੂੰ ਜਾਣ ਵਾਲੀ ਗੱਲ ਹੋਵੇਗੀ। ਇਸ ਵੇਲੇ ਚੋਣਕਾਰ ਆਪ ਰਾਜ ਕਰਨਾ ਚਾਹੁੰਦੇ ਹਨ ਤੇ ਇਸ ਕੰਮ ਵਿਚ ਕਿਸੇ ਸਿਆਸੀ ਪਾਰਟੀ ਨੂੰ ਵਿਚੋਲਾ ਨਹੀਂ ਬਣਾਉਣਾ ਚਾਹੁੰਦੇ। ਲੇਕਿਨ, ਇਹ ਚੀਜ਼ ਹਾਸਲ ਕਰਨ ਲਈ ਚੋਣਕਾਰਾਂ ਨੂੰ ਇਕ ਸਿਆਸੀ ਪਾਰਟੀ ਦੀ ਜ਼ਰੂਰ ਲੋੜ ਹੈ। ਇਹੋ ਕਿਹੋ ਜਿਹੀ ਪਾਰਟੀ ਹੋਵੇਗੀ? ਕੀ ਇਹ ਪਾਰਟੀ ਇਕ `ਨਵੀਂ ਤਰਜ਼ ਦੀ ਪਾਰਟੀ` ਹੋਵੇਗੀ ਜਿਸ ਕਿਸਮ ਦੀ ਪਾਰਟੀ ਦੀ ਵਕਾਲਤ ਅਤੇ ਸਥਾਪਤੀ ਕਦੇ ਲੈਨਿਨ ਨੇ ਕੀਤੀ ਸੀ, ਤੇ ਜਿਹੜੀ ਜਮਾਤੀ ਜਮਹੂਰੀਅਤ ਨੂੰ ਲੈ ਕੇ ਆਈ ਸੀ? ਜਾਂ ਫਿਰ ਇਹ ਪਾਰਟੀ ਉਸ ਤਰ੍ਹਾਂ ਦੀ ਪਾਰਟੀ ਹੋਵੇਗੀ ਜਿਸ ਤਰ੍ਹਾਂ ਦੀ ਲੈਨਿਨ ਦੇ ਨੁਕਤਾਚੀਨ ਸਥਾਪਤ ਕਰਨੀ ਚਾਹੁੰਦੇ ਸਨ? ਲਗਦਾ ਇਹ ਹੈ ਕਿ ਐਸ ਵੇਲੇ ਲੋੜ ਇਹੋ ਜਿਹੀ ਪਾਰਟੀ ਦੀ ਹੈ ਜੋ ਸਮਾਜ ਦੀ ਇਸ ਵੇਲੇ ਦੀ ਨਵੀਨੀਕਰਨ ਦੀ ਲੋੜ ਨੂੰ ਪੂਰਾ ਕਰ ਸਕੇ। ਇਹੋ ਜਿਹੀ ਪਾਰਟੀ ਬੀਤੇ ਵਕਤਾਂ ਦੀਆਂ ਗਿਣੀਆਂ ਮਿਥੀਆਂ ਸੋਚਾਂ ਦੇ ਅਧਾਰ ਤੇ ਮਜ਼ਬੂਤ ਨਹੀਂ ਹੋ ਸਕਦੀ। ਸਾਰੀਆਂ ਧਾਰਨਾਵਾਂ ਲਾਜ਼ਮੀ ਤੌਰ ਤੇ ਨਵੀਆਂ ਚਾਹੀਦੀਆਂ ਹਨ ਜੋ ਸਮਾਜ ਦੇ ਨਵੀਨੀਕਰਨ ਦੀ ਮੌਜੂਦਾ ਲੋੜ ਨੂੰ ਪੂਰਾ ਕਰਨ ਦੇ ਅਧਾਰ ਤੇ ਘੜੀਆਂ ਗਈਆਂ ਹੋਣ। ਸੰਸਾਰ ਦੇ ਵੱਖੋ ਵੱਖ ਹਿਸਿਆਂ ਵਿਚ ਸਿਆਸੀ ਪਾਰਟੀਆਂ ਦੀ ਹੋਂਦ ਪਿਛਲੇ ਦੋ ਸੌ ਸਾਲਾਂ ਤੋਂ ਹੈ। ਇੰਗਲੈਂਡ ਵਿਚ ਲਿਬਰਲ ਪਾਰਟੀ ਤੇ ਕਨਜ਼ਰਵਟਿਵ ਪਾਰਟੀ ਅਠਾਰਵੀਂ ਸਦੀ ਤੋਂ

ਚਲੀਆਂ ਆ ਰਹੀਆਂ ਹਨ। ਕੈਨੇਡਾ ਵਿਚ ਸਿਆਸੀ ਪਾਰਟੀਆਂ ਉਨ੍ਹੀਵੀਂ ਸਦੀ ਵਿਚ ਪੈਦਾ ਹੋਈਆਂ। ਇਸ ਸਦੀ ਵਿਚ, 1960 ਵਿਚ ਨਿਊ ਡੈਮੋਕਰੇਟਿਕ ਪਾਰਟੀ ਬਣੀ। ਇਹ ਤੋਂ ਪਹਿਲਾਂ ਸੀ.ਸੀ.ਐਫ਼. ਸੀ ਜੋ 1930 ਦੇ ਕਰੀਬ ਬਣੀ ਸੀ। ਕਮਿਉਨਿਸਟ ਪਾਰਟੀ ਦਾ ਵੀ 70 ਸਾਲ ਦਾ ਇਤਿਹਾਸ ਹੈ। ਇਹ ਸਾਰਾ ਰਿਕਾਰਡ ਕਨੇਡੀਅਨਾਂ ਲਈ ਬਥੇਰੀ ਸਮੱਗਰੀ ਮੁਹੱਈਆ ਕਰਦਾ ਹੈ ਜਿਹਦੇ ਤੋ ਕਨੇਡਾ ਵਿਚ ਸਿਆਸੀ ਪਾਰਟੀਆਂ ਨਾਲ ਉਨ੍ਹਾਂ ਦੇ ਸਾਰੇ ਤਜਰਬੇ ਦਾ ਨਿਚੋੜ ਕੱਢਿਆ ਜਾ ਸਕਦਾ ਹੈ। ਇਸ ਸਾਰੇ ਸਮੇਂ ਦੌਰਾਨ, ਸਿਆਸੀ ਤਾਕਤ ਸਿਆਸੀ ਪਾਰਟੀਆਂ ਦੇ ਹੀ ਹੱਥ ਵਿਚ ਰਹੀ ਹੈ। ਇਸ ਤਜਰਬੇ ਦਾ ਲੇਖਾ ਜੋਖਾ ਕਰਨ ਲਈ, ਦਿਮਾਗ ਵਿਚ ਇਹ ਰੱਖਣਾ ਲਾਜ਼ਮੀ ਹੈ ਕਿ ਸਿਆਸੀ ਪਾਰਟੀਆਂ ਦੇ ਬਣਨ ਵੇਲੇ ਹਾਲਾਤ ਕੀ ਸਨ ਤੇ ਇਨ੍ਹਾਂ ਪਾਰਟੀਆਂ ਦੇ ਬਣਨ ਬਣਾਉਣ ਦਾ ਮੰਤਵ ਕੀ ਸੀ। ਇਹ ਸਵਾਲ ਵੀ ਲਾਜ਼ਮੀ ਉਠਾਇਆ ਜਾਣਾ ਚਾਹੀਦਾ ਹੈ ਕਿ ਸਮੇਂ ਦੇ ਨਾਲ ਨਾਲ ਹਾਲਾਤਾਂ ਵਿਚ ਕੀ ਤਬਦੀਲੀ ਆਈ ਤੇ ਅੱਜ ਦੇ ਹਾਲਾਤ ਕੀ ਹਨ? ਇਸ ਸਾਰੇ ਵਿਕਾਸ ਦਾ ਵਿਸ਼ਲੇਸ਼ਣ ਕੀਤਿਆਂ ਹੀ ਕੁਝ ਪਤਾ ਲਗੇਗਾ ਕਿ ਲੋਕ ਕਿਸ ਤਰ੍ਹਾਂ ਦੀ ਸਿਆਸੀ ਤਾਕਤ ਲੋਚਦੇ ਹਨ ਤੇ ਇਹ ਸਿਆਸੀ ਤਾਕਤ ਕਿਸ ਦੇ ਹੱਥ ਵਿਚ ਦਿਤੀ ਜਾਣੀ ਚਾਹੀਦੀ ਹੈ। ਜਿਸ ਵੇਲੇ ਵੋਟ ਦਾ ਹੱਕ ਸਿਰਫ਼ ਜਾਇਦਾਦਾਂ ਦੇ ਮਾਲਕਾਂ ਨੂੰ ਹੀ ਸੀ ਅਤੇ ਸਿਆਸੀ ਪਾਰਟੀਆਂ ਦਾ ਗਠਨ ਉਨ੍ਹਾਂ ਦੇ ਹਿਤਾਂ ਦੀ ਪੂਰਤੀ ਲਈ ਕੀਤਾ ਗਿਆ ਸੀ ਉਸ ਵੇਲੇ ਸਟੇਟ ਢਾਂਚੇ ਦਾ ਇਕ ਹਿਸਾ ਕਾਰਜਕਾਰੀ ਸ਼ਕਤੀ ਅਤੇ ਅਫ਼ਸਰਸ਼ਾਹੀ ਅਮਲੇ ਦਾ ਸੀ ਅਤੇ ਦੂਸਰਾ ਹਿਸਾ ਵਿਧਾਨਕਾਰੀ ਸ਼ਕਤੀ ਦਾ ਸੀ। ਵਿਧਾਨਕਾਰੀ ਸ਼ਕਤੀ ਨੂੰ ਕਾਰਜਕਾਰੀ ਅਤੇ ਅਫ਼ਸਰਸ਼ਾਹੀ ਅਮਲੇ ਦੇ ਮਤਹਿਤ ਰੱਖਿਆ ਗਿਆ ਸੀ। ਅੱਜ, ਐਸ ਵੇਲੇ ਵੋਟ ਦਾ ਹੱਕ ਤਾਂ ਸਰਬ-ਵਿਆਪਕ ਹੈ ਪਰ ਸਟੇਟ ਦਾ ਗਠਨ ਪਹਿਲਾਂ ਵਾਲਾ ਹੀ ਹੈ। ਚੋਣਕਾਰਾਂ ਦੀ ਮੰਗ ਹੈ ਕਿ ਇਹਨੂੰ ਤਬਦੀਲ ਕੀਤਾ ਜਾਏ। ਚੋਣਕਾਰ ਸਿਆਸੀ ਤਾਕਤ ਆਪਣੇ ਹੱਥ ਵਿਚ ਲੈਣਾ ਲੋਚਦੇ ਹਨ। ਚੋਣਕਾਰ ਹੁਣ ਆਪਣੇ ਪ੍ਰਤੀਨਿਧਾਂ ਉੱਤੇ ਅਤੇ ਵਿਧਾਨਕਾਰੀ ਸ਼ਕਤੀ ਉੱਤੇ ਆਪਣਾ ਕੰਟਰੋਲ ਚਾਹੁੰਦੇ ਹਨ। ਦੂਸਰੇ ਲਫ਼ਜ਼ਾਂ ਵਿਚ ਇਹ ਕਿਹਾ ਜਾ ਸਕਦਾ ਹੈ ਕਿ ਚੋਣਕਾਰ ਚਾਹੁੰਦੇ ਹਨ ਕਿ ਕਾਰਜਕਾਰੀ ਸ਼ਕਤੀ, ਅਫ਼ਸਰਸ਼ਾਹੀ ਅਮਲਾ ਅਤੇ ਸਿਆਸੀ ਪਾਰਟੀਆਂ ਵਿਧਾਨਕਾਰੀ ਸ਼ਕਤੀ ਦੇ ਮਤਹਿਤ ਹੋਣ। ਇਹੋ ਜਿਹੀ ਤਾਕਤ ਨੂੰ ਸਥਾਪਤ ਕਰਨ ਲਈ ਕਿਸ ਤਰ੍ਹਾਂ ਦੀ ਸਿਆਸੀ ਪਾਰਟੀ ਹੋਣੀ ਚਾਹੀਦੀ ਹੈ? ਇਸ ਤਰ੍ਹਾਂ ਦੀ ਤਾਕਤ ਨੂੰ ਕਾਇਮ ਕਰਨ ਲਈ ਲੜਨਾ ਕਿਸ ਦੇ ਹਿਤਾਂ ਵਿਚ ਹੋਵੇਗਾ? ਇਹੋ ਜਿਹੀ ਸਿਆਸੀ ਪਾਰਟੀ ਨੂੰ ਇਸ ਤਰ੍ਹਾਂ ਨਾਲ ਤਨਜ਼ੀਮ ਕਰਨਾ ਪਏਗਾ ਕਿ ਇਹ ਵਿਧਾਨਕਾਰੀ ਨੂੰ ਸਰਬ-ਉਚ ਥਾਂ ਦਿਵਾਉਣ ਦਾ ਬੰਦੋਬਸਤ ਕਰੇ। ਇਹੋ ਜਿਹੀ ਪਾਰਟੀ ਨੂੰ ਨਾ ਸਿਰਫ਼ ਸਮੁੱਚੇ ਚੋਣਕਾਰਾਂ ਨੂੰ ਇਹੋ ਜਿਹੀ ਵਿਧਾਨਕਾਰੀ ਤਾਕਤ ਦੇ ਹੱਕ ਵਿਚ ਹੀ ਲਾਮਬੰਦ ਕਰਨਾ ਪਵੇਗਾ ਬਲਕਿ ਚੋਣਕਾਰਾਂ ਨੂੰ ਕਾਇਲ ਕਰਨਾ ਹੋਵੇਗਾ ਕਿ ਅਜਿਹੀਆਂ ਸਿਆਸੀ ਪਾਰਟੀਆਂ ਨੂੰ ਬਿਲਕੁਲ ਨਾ ਚੁਣਨ ਜੋ ਚੋਣਕਾਰ ਨੂੰ ਕੰਟਰੋਲ ਦੇਣ ਨਾਲ ਸਹਿਮਤ ਨਹੀਂ। ਚੋਣਕਾਰਾਂ ਨੂੰ ਆਪਣੀ ਮਰਜ਼ੀ ਦੀ ਪਾਰਟੀ ਤਨਜ਼ੀਮ ਕਰਨ ਦਾ ਹੱਕ ਹੈ, ਦੇ ਸੰਕਲਪ ਦੀ ਰਾਖੀ ਕਰਨ ਦੇ ਨਾਲ ਨਾਲ ਇਹ ਯਕੀਨੀ ਬਣਾਉਣਾ ਵੀ ਜ਼ਰੂਰੀ ਹੈ ਕਿ ਜੋ ਪਾਰਟੀਆਂ ਚੋਣਕਾਰਾਂ ਦੇ ਆਪ ਰਾਜ-ਕਾਜ ਚਲਾਉਣ ਦੇ ਹੱਕ ਵਿਚ ਹਨ ਉਨ੍ਹਾਂ ਨੂੰ ਵੋਟਰਾਂ ਵਿਚ ਮਕਬੂਲ ਬਣਾਇਆ ਜਾਵੇ। ਜਿਹੜੀਆਂ ਪਾਰਟੀਆਂ ਇਸ ਸੰਕਲਪ ਨੂੰ ਲੈ ਕੇ ਤੁਰਨਗੀਆਂ, ਉਹ ਤਬਦੀਲੀ ਦਾ ਸਭ ਤੋਂ ਅਹਿਮ ਵਸੀਲਾ ਬਣਨਗੀਆਂ। ਉਨ੍ਹਾਂ ਦਾ ਰੋਲ ਸੀਮਤ ਕਰਨ ਦੀ ਬਜਾਏ ਵਧਾਉਣ ਦੀ ਜ਼ਰੂਰਤ ਹੈ। ਸਿਆਸੀ ਪਾਰਟੀਆਂ ਦੇ ਰੋਲ ਨੂੰ ਸਮਾਜ ਦੀਆਂ ਲੋੜਾਂ ਦੇ ਹਾਣ ਦਾ ਬਣਾਉਣ ਦੀ ਲੋੜ ਹੈ।

## ਅਜੇਹੀ ਸਿਆਸੀ ਪਾਰਟੀ ਲਈ ਪਹਿਲੀ ਲੋੜ

ਇਹੋ ਜਿਹੀ ਸਿਆਸੀ ਪਾਰਟੀ ਲਈ ਪਹਿਲੀ ਲੋੜ ਚੋਣਕਾਰਾਂ ਵਿਚ ਇਹ ਚੇਤਨਾ ਪੈਦਾ ਕਰਨਾ ਹੈ ਕਿ ਕਿਹੜੀ ਕਿਸਮ ਦੀ ਜਮਹੂਰੀਅਤ ਉਨ੍ਹਾਂ ਦੀਆਂ ਜ਼ਰੂਰਤਾਂ ਨੂੰ ਪੂਰਾ ਕਰ ਸਕਦੀ ਹੈ। ਇਹੋ ਜਿਹੀ ਪਾਰਟੀ ਵਿਚ ਮਜ਼ਦੂਰ ਜਮਾਤ ਦੇ ਜਾਗਰੂਕ ਤੱਤ ਸ਼ਾਮਲ ਹੋਣਗੇ ਅਤੇ ਉਨ੍ਹਾਂ ਸਾਰਿਆਂ ਨੂੰ ਜਥੇਬੰਦ ਕਰਨਗੇ ਜੋ ਸਮਾਜ ਦੇ ਕਾਇਆ ਕਲਪ ਦੀ ਲੋੜ ਨੂੰ ਸਮਝਦੇ ਹਨ ਤੇ ਚੋਣਕਾਰਾਂ ਦੇ ਹੱਥ ਵਿਚ ਸਿਆਸੀ ਤਾਕਤ ਦੇਣਾ ਇਹਦਾ ਹੱਲ ਸਮਝਦੇ ਕਰਦੇ ਹਨ। ਇਹ ਇਸ ਲਈ ਹੈ ਕਿਉਂਕਿ ਜਾਗਰੂਕ ਮਜ਼ਦੂਰਾਂ ਨੂੰ ਕੋਈ ਉਚੇਚੇ ਜਮਾਤੀ ਹੱਕ ਨਹੀਂ ਮਿਲਦੇ ਅਤੇ ਮਜ਼ਦੂਰ ਜਮਾਤ ਇਕ ਲੁਟੀਂਦੀ ਜਮਾਤ ਹੈ। ਜਿਹੜੀ ਪਾਰਟੀ ਇਸ ਕੰਮ ਦਾ ਬੀੜਾ ਚੁੱਕੇਗੀ ਉਹ ਉਹਦੇ ਨਾਲ ਡੱਟ ਕੇ ਖੜੇ ਹੋਣਗੇ। ਇਹੋ ਜਿਹੀ ਪਾਰਟੀ ਮੌਜੂਦਾ ਕਾਨੂੰਨ ਹੇਠ ਮਿਲੇ ਹੋਏ ਉਮੀਦਵਾਰ ਚੁਣਨ ਦੇ ਆਪਣੇ ਹੱਕ ਨੂੰ ਛੱਡ ਦੇਵੇਗੀ। ਆਪਣੀ ਹੋਂਦ ਦੀ ਬੁਨਿਆਦੀ ਸ਼ਰਤ ਦੇ ਇਕ ਅਟੁੱਟ ਹਿਸੇ ਬਤੌਰ ਇਹ ਪਾਰਟੀ ਇਸ ਤਰੀਕੇ ਨਾਲ ਕੰਮ ਕਰੇਗੀ ਕਿ ਚੋਣਕਾਰ ਖੁਦ ਆਪਣੇ ਉਮੀਦਵਾਰ ਸਿਲੈਕਟ ਕਰਕੇ ਚੋਣਾਂ ਵਿਚ ਖੜੇ ਕਰਨ। ਇਸੇ ਲਿਹਾਜ਼ ਨਾਲ ਇਹ ਤਾਕਤ ਵਿਚ ਆਉਣ ਦੇ ਆਪਣੇ ਕਾਨੂੰਨੀ ਅਧਿਕਾਰ ਨੂੰ ਵੀ ਛੱਡ ਦੇਵੇਗੀ। ਚੁਣਨ ਅਤੇ ਚੁਣੇ ਜਾਣ ਦੇ ਹੱਕ ਨੂੰ ਗਰੰਟੀ ਸ਼ੁਦਾ ਬਣਾਉਣ ਲਈ ਇਹੋ ਜਿਹੀ ਪਾਰਟੀ ਨਿਰੰਤਰ ਕੰਮ ਕਰੇਗੀ। ਇਹ ਤਦ ਹੀ ਕੀਤਾ ਜਾ ਸਕੇਗਾ ਜੇ ਚੋਣਕਾਰ ਆਪਣੀ ਮਰਜ਼ੀ ਦੇ ਉਮੀਦਵਾਰ ਚੁਣ ਕੇ ਚੋਣਾਂ ਵਿਚ ਖੜੇ ਕਰਨ ਅਤੇ ਉਨ੍ਹਾਂ ਨੂੰ ਇਸ ਕੰਮ ਵਿਚ ਸਹੂਲਤ ਦੇਣ ਲਈ ਹਲਕਾ ਕਮੇਟੀਆਂ ਬਣਾਈਆਂ ਜਾਣ। ਇਸ ਪ੍ਰਨਾਲੀ ਦੀ ਰਾਖੀ ਕਰਨ ਅਤੇ ਇਹਨੂੰ ਹੋਰ ਵਿਕਸਤ ਕਰਨ ਲਈ ਲਾਜ਼ਮੀ ਤੌਰ ਤੇ ਇਕ ਪਰਜਾਤੰਤਰ ਕਾਇਮ ਕਰਨਾ ਹੋਵੇਗਾ। ਇਸ ਤਰ੍ਹਾਂ ਨਾਲ ਇਹ ਯਕੀਨੀ ਬਣੇਗਾ ਕਿ ਪਾਰਟੀ ਨਿਘਰ ਕੇ ਪੁਰਾਣੀ ਤਰਜ਼ ਦੀ ਪਾਰਟੀ ਵਿਚ ਨਹੀਂ ਬਦਲੇਗੀ। ਆਖਰੀ ਗੱਲ ਇਹ ਹੈ ਕਿ ਆਪਣੀ ਪਹਿਲੀ ਸਿਫ਼ਤ ਦੇ ਹਿਸੇ ਵਜੋਂ ਇਹੋ ਜਿਹੀ ਪਾਰਟੀ ਸਮਾਜ ਦੇ ਆਮ ਹਿਤਾਂ ਅਤੇ ਆਪਣੇ ਮੈਂਬਰਾਂ ਦੇ ਵਿਅਕਤੀਗਤ ਹਿਤਾਂ ਨੂੰ ਸਦਾ ਪਹਿਲਾ ਸਥਾਨ ਦੇਵੇਗੀ। ਇਹਨੂੰ ਯਕੀਨੀ ਬਣਾਉਣਾ ਪਏਗਾ ਕਿ ਇਨ੍ਹਾਂ ਹਿਤਾਂ ਦੀ ਹਰ ਹੀਲੇ ਹਿਫ਼ਾਜ਼ਤ ਹੋਵੇ, ਅਸੂਲਾਂ ਦਾ ਉਲੰਘਣ ਕਰਨ ਦੀ ਮਨਾਹੀ ਹੋਵੇ, ਅਤੇ ਹੋਰ ਵੀ ਕੋਈ ਇਹੋ ਜਿਹੀ ਗੱਲ ਨਾ ਕੀਤੀ ਜਾ ਸਕੇ ਜੋ ਮਨੁੱਖੀ ਜੀਵਾਂ ਦੀ ਸ਼ਾਨ ਨੂੰ ਨੀਵਾਂ ਕਰਦੀ ਹੋਵੇ।

## ਅਜੇਹੀ ਸਿਆਸੀ ਪਾਰਟੀ ਲਈ ਦੂਜੀ ਲੋੜ

ਇਹੋ ਜਿਹੀ ਪਾਰਟੀ ਨੂੰ ਇਸ ਗੱਲ ਦਾ ਪਤਾ ਹੋਣਾ ਜ਼ਰੂਰੀ ਹੈ ਕਿ ਮੌਜੂਦਾ ਵਕਤ ਇਨਕਲਾਬ ਦੀ ਪਿਛਾੜ ਦਾ ਦੌਰ ਹੈ ਜਿਸ ਵਿਚ ਮੌਜੂਦਾ ਕਰਨ ਵਾਲਾ ਕੰਮ ਨਵੀਨੀਕਰਨ ਦਾ ਕੰਮ ਹੈ। ਇਹਦੇ ਲਈ ਨਵੀਆਂ ਪਰਿਭਾਸ਼ਾਵਾਂ ਤਿਆਰ ਕਰਨ ਦੀ ਜ਼ਰੂਰਤ ਹੈ। ਸਿਧਾਂਤ ਨੂੰ ਉਨਤ ਕਰਕੇ ਸਮਾਜ ਦੀਆਂ ਲੋੜਾਂ ਦੇ ਹਾਣ ਦਾ ਬਣਾਉਣ ਦੀ ਲੋੜ ਹੈ। ਇਸ ਪਾਰਟੀ ਨੂੰ ਸਪੱਸ਼ਟ ਦੱਸਣਾ ਪਵੇਗਾ ਕਿ ਇਸ ਵੇਲੇ ਇਹ ਕੀ ਹਾਸਲ ਕਰਨਾ ਚਾਹੁੰਦੀ ਹੈ ਅਤੇ ਸਮੁੱਚੇ ਤੌਰ ਤੇ ਇਹਦਾ ਕੀ ਨਿਸ਼ਾਨਾ ਹੈ। ਇਸ ਨੂੰ ਆਪਣਾ ਸਾਰਾ ਕੰਮ ਸਮਾਜ ਦੇ ਨਵੀਨੀਕਰਨ ਦੀਆਂ ਮੌਜੂਦਾ ਲੋੜਾਂ ਦੀ ਰੂਪ ਰੇਖਾ ਅਨੁਸਾਰ ਮਿਥਣਾ ਕਰਨਾ ਪਵੇਗਾ। ਇਹੋ ਜਿਹੀ ਪਾਰਟੀ ਨੂੰ ਮਜ਼ਦੂਰ ਜਮਾਤ ਅਤੇ ਹੋਰ ਕਿਰਤੀ ਲੋਕਾਂ ਅੱਗੇ ਇਹ ਵਿਖਾਉਣਾ ਪਵੇਗਾ ਕਿ ਕੋਈ ਮੁਤਬਾਦਲ ਹੈ। ਇਸ ਨੂੰ ਆਪਣਾ ਸਾਰਾ ਸਿਧਾਂਤਕ ਕੰਮ ਇਸੇ ਕਾਰਜ ਨੂੰ ਨੇਪਰੇ ਚਾੜ੍ਹਨ ਦੇ ਲੇਖੇ ਲਾਉਣਾ ਪਵੇਗਾ। ਇਸ ਪਾਰਟੀ ਨੂੰ ਆਰਥਿਕਤਾ, ਸਿਆਸਤ ਅਤੇ ਹੋਰ ਪਹਿਲੂਆਂ ਬਾਰੇ ਜਿਉਂਦੀਆਂ ਜਾਗਦੀਆਂ ਮਿਸਾਲਾਂ ਦੇਣੀਆਂ ਪੈਣਗੀਆਂ। ਭਾਵ ਇਹ ਹੈ ਕਿ ਇਹੋ ਜਿਹੀ ਪਾਰਟੀ ਨੂੰ ਚੋਣਕਾਰਾਂ ਦੇ ਤਜਰਬੇ ਵਿਚ ਆਉਂਦੀ ਹਰ ਚੀਜ਼ ਨਾਲ ਇਕ ਠੋਸ ਢੰਗ ਨਾਲ ਨਿਪਟਣਾ ਪਵੇਗਾ। ਸਿਧਾਂਤ ਨੂੰ ਇਸਤੇਮਾਲ ਕਰਦੇ ਹੋਏ ਇਹ ਸਪੱਸ਼ਟ ਕਰਨਾ ਪਵੇਗਾ ਕਿ ਕੋਈ ਮੁਤਬਾਦਲ ਮੌਜੂਦ ਹੈ। ਇਹ ਕੰਮ ਨਿਰੰਤਰ ਕਰਨ ਵਾਲਾ ਕੰਮ ਹੈ ਜੋ ਮਜ਼ਦੂਰ ਜਮਾਤ ਅਤੇ ਸਮਾਜ ਦੀ ਮੁਖ ਧਾਰਾ ਅੰਦਰ ਸਿਧਾਂਤ ਅਤੇ ਸਿਧਾਂਤ ਉੱਤੇ ਅਮਲ ਦੌਰਾਨ ਪੇਸ਼ ਆਈਆਂ ਸਮੱਸਿਆਵਾਂ ਦਾ ਹੱਲ ਲੱਭੇ।

## ਅਜੇਹੀ ਸਿਆਸੀ ਪਾਰਟੀ ਲਈ ਤੀਸਰੀ ਲੋੜ

ਇਸ ਪਾਰਟੀ ਨੂੰ ਆਪਣਾ ਕੰਮ ਇਹ ਗੱਲ ਧਿਆਨ ਵਿਚ ਰੱਖ ਕੇ ਸ਼ੁਰੂ ਕਰਨਾ ਪਵੇਗਾ ਕਿ ਚੋਣਕਾਰ ਐਸੇ ਢੰਗ ਤਰੀਕੇ ਅਤੇ ਰੂਪ ਰੇਖਾ ਚਾਹੁੰਦਾ ਹੈ ਜੋ ਕਾਰਗਰ ਸਾਬਤ ਹੋਣ। ਰੂਪ ਰੇਖਾ ਚੋਣਕਾਰਾਂ ਦੀਆਂ ਜ਼ਰੂਰਤਾਂ ਦੇ ਅਨੁਸਾਰ ਹੋਵੇ ਤਾਂ ਕਿ ਕਹੀ ਹੋਈ ਗੱਲ ਉਨ੍ਹਾਂ ਉੱਤੇ ਅਸਰ ਕਰੇ। ਦੂਸਰੇ ਪਾਸੇ, ਤੱਤ ਅਜਿਹਾ ਹੋਵੇ ਜੋ ਇਸ ਵੇਲੇ ਦੀਆਂ ਸਮਾਜ ਦੀਆਂ ਜ਼ਰੂਰਤਾਂ ਨੂੰ ਅਤੇ ਸਮਾਜ ਦੇ ਹੁਣ ਤੱਕ ਦੇ ਸਾਰੇ ਤਜਰਬੇ ਨੂੰ ਧਿਆਨ ਵਿਚ ਰੱਖ ਕੇ ਤਿਆਰ ਕੀਤਾ ਗਿਆ ਹੋਵੇ। ਇਨ੍ਹਾਂ ਦੋਹਾਂ ਸਵਾਲਾਂ ਬਾਰੇ ਬਹੁਤ ਧਿਆਨ ਰੱਖਣਾ ਪਵੇਗਾ ਅਤੇ ਵਕਤੀ ਤੌਰ ਤੇ ਕੋਈ ਲਾਭ ਹਾਸਲ ਕਰਨ ਖਾਤਰ ਕੋਈ ਛੋਟ ਨਹੀਂ ਦੇਣੀ ਹੋਵੇਗੀ। ਰੂਪ ਰੇਖਾ ਅਤੇ ਢੰਗ ਤਰੀਕੇ ਲੱਭਣ ਲਈ ਇਸ ਪਾਰਟੀ ਨੂੰ ਲਾਜ਼ਮੀ ਤੌਰ ਤੇ ਇਕ ਸਪੱਸ਼ਟ ਕਾਨੂੰਨ ਲਾਗੂ ਕਰਨਾ ਪਵੇਗਾ ਕਿ ਸਾਰੇ ਮੈਂਬਰਾਂ ਦੇ ਹੱਕ ਅਤੇ ਜ਼ੁੰਮੇਵਾਰੀਆਂ ਬਰਾਬਰ ਹਨ ਅਤੇ ਇਹ ਮੰਗ ਵੀ ਕਰਨੀ ਹੋਵੇਗੀ ਕਿ ਸਾਰੀਆਂ ਸਿਆਸੀ ਪਾਰਟੀਆਂ ਦੇ ਹੱਕ ਅਤੇ ਫ਼ਰਜ਼ ਵੀ ਲਾਜ਼ਮੀ ਇਕੋ ਜਿਹੇ ਹੋਣ। ਜੇ ਸਾਰੀਆਂ ਸਿਆਸੀ ਪਾਰਟੀਆਂ ਸਮਾਜ ਵੱਲ ਆਪਣੀ ਜ਼ਿੰਮੇਵਾਰੀ ਨਭਾਉਂਦੀਆਂ ਹਨ ਤਾਂ ਸਮਾਜ ਵੀ ਸਾਰੀਆਂ ਸਿਆਸੀ ਪਾਰਟੀਆਂ ਨੂੰ ਇਕੋ ਜਿਹੇ ਹੱਕ ਮੁਹੱਈਆ ਕਰਨ ਦੇ ਸਮਰੱਥ ਹੋ ਸਕਦਾ ਹੈ। ਇਸ ਵੇਲੇ, ਕਈ ਸਿਆਸੀ ਪਾਰਟੀਆਂ ਉਚੇਚੇ ਜਮਾਤੀ ਹੱਕਾਂ ਨੂੰ ਵਰਤ ਕੇ ਲੋਕ ਰਾਏ ਅਤੇ ਚੋਣਕਾਰਾਂ ਨੂੰ ਆਪਣੇ ਪੱਖ ਵਿਚ ਕਰਦੀਆਂ ਹਨ। ਚੋਣਾਂ ਵਿਚ ਵੋਟਰਾਂ ਨੂੰ ਆਪਣੇ ਹੱਕ ਵਿਚ ਵੋਟ ਪਾਉਣ ਉੱਤੇ ਰਾਜ਼ੀ ਕਰਨ ਲਈ ਇਹ ਪਾਰਟੀਆਂ ਲੋਕ-ਸੰਪਰਕ ਦੇ ਫਰੇਬੀ ਤਰੀਕੇ ਅਪਣਾਉਂਦੀਆਂ ਹਨ। ਸਿਆਸੀ ਪ੍ਰਣਾਲੀ ਵਿਚ ਲਿਆਈਆਂ ਜਾਣ ਵਾਲੀਆਂ ਤਬਦੀਲੀਆਂ ਇਹ ਯਕੀਨੀ ਬਣਾਉਣ ਕਿ ਇਹੋ ਜਿਹੇ ਬਜ਼ਾਰੂ ਤਰੀਕੇ ਰੱਦ ਕੀਤੇ ਜਾਣ। ਇਹ ਜ਼ਰੂਰੀ ਹੈ ਕਿ ਕਿਰਤੀ ਲੋਕ ਇਨ੍ਹਾਂ ਦੀਆਂ ਹੇਰਾ-ਫੇਰੀਆਂ ਨੂੰ ਸਮਝਣ ਅਤੇ ਇਨ੍ਹਾਂ ਦੀ ਮੁਖ਼ਾਲਫ਼ਤ ਕਰਨ। ਇਹੋ ਜਿਹੀ ਪਾਰਟੀ ਆਪਣੇ ਕੰਮ ਰਾਹੀਂ ਲੋਕਾਂ ਦੀ ਚੇਤਨਾ ਦਾ ਪੱਧਰ ਉਚਾ ਕਰੇਗੀ। ਚੋਣਕਾਰ ਦੀ ਇਸ ਮੰਗ ਨਾਲ ਵੀ ਚੇਤਨਾ ਦਾ ਮਿਆਰ ਉਚਾ ਉਠ ਰਿਹਾ ਹੈ ਕਿ ਸਾਰੇ ਫੈਸਲੇ ਕਰਨ ਦੀ ਸ਼ਕਤੀ ਇਹਦੇ ਹੱਥ ਵਿਚ ਸੌਂਪੀ ਜਾਵੇ ਅਤੇ ਸਮਾਜ ਦੇ ਕਨੂੰਨ ਦੀ ਬੁਨਿਆਦ ਹੋਵੇ।

## ਅਜੇਹੀ ਸਿਆਸੀ ਪਾਰਟੀ ਲਈ ਚੌਥੀ ਲੋੜ

ਕਿਸੇ ਸਿਆਸੀ ਪਾਰਟੀ ਦਾ ਸਭ ਤੋਂ ਵਿਸ਼ੇਸ਼ ਲੱਛਣ ਉਹਦਾ ਸਿਆਸੀ ਪ੍ਰੋਗਰਾਮ ਹੁੰਦਾ ਹੈ। ਜਿਹੜੀ ਸਿਆਸੀ ਪਾਰਟੀ ਚੋਣਕਾਰਾਂ ਨੂੰ ਕੇਂਦਰ ਵਿਚ ਰੱਖਦੀ ਹੈ ਉਹਦੇ ਲਈ ਲਾਜ਼ਮੀ ਹੈ ਕਿ ਆਪਣਾ ਸਿਆਸੀ ਪ੍ਰੋਗਰਾਮ ਤਿਆਰ ਕਰਦੇ ਅਤੇ ਧਾਰਨ ਕਰਦੇ ਸਮੇਂ ਚੋਣਕਾਰਾਂ ਵਿਚਕਾਰ ਚਲਦੇ ਨਿਤ ਦੇ ਵਿਚਾਰ ਵਟਾਂਦਰੇ ਨੂੰ ਧਿਆਨ ਵਿਚ ਰੱਖੇ। ਇਹੋ ਜਿਹੀ ਪਾਰਟੀ ਲਈ ਆਪਣੀ ਸਿਆਸਤ ਕਰਨ ਦਾ ਮੰਤਵ ਸਮਾਜ ਦੇ ਆਮ ਹਿਤਾਂ ਦੀ ਰਾਖੀ ਅਤੇ ਸਮਾਜ ਦੇ ਮੈਂਬਰਾਂ ਦੇ ਵਿਅਕਤੀਗਤ ਹਿਤਾਂ ਦੀ ਰਾਖੀ ਹੋਣਾ ਚਾਹੀਦਾ ਹੈ। ਇਹੋ ਜਿਹੀ ਪਾਰਟੀ ਲਈ ਆਪਣੇ ਸਿਆਸੀ ਪ੍ਰੋਗਰਾਮ ਦੀਆਂ ਲੋੜਾਂ ਨੂੰ ਪੂਰਾ ਕਰਨ ਲਈ ਯਥਾਰਥਕ ਅਤੇ ਅੰਤਰਮੁਖੀ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਹਾਲਾਤਾਂ ਨੂੰ ਮੱਦੇ ਨਜ਼ਰ ਰੱਖਣਾ ਬਹੁਤ ਹੀ ਜ਼ਰੂਰੀ ਹੈ। ਇਹੋ ਜਿਹੀ ਪਾਰਟੀ ਦਾ ਸਿਆਸੀ ਪ੍ਰੋਗਰਾਮ ਠੋਸ ਹੋਣਾ ਚਾਹੀਦਾ ਹੈ ਅਤੇ ਇਹਦੇ ਵਿਚ ਕੋਈ ਚੀਜ਼ ਫਜ਼ੂਲ ਨਹੀਂ ਹੋਣੀ ਚਾਹੀਦੀ। ਇਹ ਪ੍ਰੋਗਰਾਮ ਸਿਰਫ਼ ਮੌਜੂਦਾ ਹਾਲਾਤਾਂ ਲਈ ਹੀ ਸਾਜ਼ਗਾਰ ਨਹੀਂ ਹੋਣਾ ਚਾਹੀਦਾ ਬਲਕਿ ਲਾਜ਼ਮੀ ਤੌਰ ਤੇ ਪਾਰਟੀ ਦੇ ਰਣ ਨੀਤਕ ਨਿਸ਼ਾਨੇ ਦੀ ਸਫ਼ਲਤਾ ਵੀ ਯਕੀਨੀ ਬਣਾਉਂਦਾ ਹੋਵੇ। ਸਟੇਟ ਅਜਾਰੇਦਾਰਾ ਸਰਮਾਏਦਾਰੀ ਸਿਸਟਮ ਬਾਰੇ ਰਾਸ਼ਟਰੀ ਤੇ ਅੰਤਰਰਾਸ਼ਟਰੀ ਤੌਰ ਤੇ ਹੁਣ ਤੱਕ ਦਾ ਸਾਰਾ ਤਜਰਬਾ ਸਾਬਤ ਕਰ ਚੁਕਾ ਹੈ ਕਿ ਇਹ ਸਿਸਟਮ

ਆਪਣੀਆਂ ਖ਼ਰਾਬੀਆਂ ਠੀਕ ਕਰਨ ਦੇ ਸਮਰੱਥ ਨਹੀਂ ਹੈ। ਆਰਥਕ ਸੰਕਟ ਇਹਦੇ ਨਾਲ ਨਾਲ ਚਲਦਾ ਹੈ ਅਤੇ ਮਗਰੇ ਮਗਰ ਸਿਆਸੀ, ਸਭਿਆਚਾਰਕ ਤੇ ਰੂਹਾਨੀ ਸੰਕਟ ਚਲਦੇ ਆਉਂਦੇ ਹਨ। ਅੰਤਰਮੁਖੀ ਪਾਸਿਉਂ ਵੇਖੀਏ ਤਾਂ ਇਸੇ ਵੇਲੇ ਲੋਕਾਂ ਵਿਚ ਵੀ ਇਹ ਚੇਤਨਾ ਪਸਰ ਰਹੀ ਹੈ ਕਿ ਹਾਕਮ ਤਬਕਾ ਮਸਲੇ ਹੱਲ ਕਰਨ ਦੇ ਕਾਬਲ ਨਹੀਂ। ਹੁਣ ਲੋਕ ਕੋਈ ਮੁਤਬਾਦਲ ਲੱਭ ਰਹੇ ਹਨ। ਇਹ ਗੱਲ ਕਹੀ ਜਾ ਸਕਦੀ ਹੈ ਕਿ ਇਨਕਲਾਬ ਦੀ ਪਿਛਾੜ ਦੇ ਇਸ ਹਾਲਾਤ ਵਿਚ, ਇਹੋ ਜਿਹੀ ਪਾਰਟੀ ਦੀ ਲੋੜ ਹੈ ਜੋ ਕੋਈ ਮੁਤਬਾਦਲ ਪੇਸ਼ ਕਰਨ ਦੇ ਕਾਬਲ ਹੋਵੇ। ਇਹ ਮੁਤਬਾਦਲ ਹਾਲਾਤ ਮੂਹਰੇ ਬੇਹਿਸ ਅਤੇ ਬੇਹਰਕਤ ਹੋ ਕੇ ਬੈਠੇ ਰਹਿਣ ਦੀ ਮੌਜੂਦਾ ਸਥਿਤੀ ਨੂੰ ਬਦਲ ਕੇ ਮਸਲਿਆਂ ਨੂੰ ਮਜ਼ਦੂਰ ਜਮਾਤ ਅਤੇ ਲੋਕਾਂ ਦੇ ਹਿਤ ਵਿਚ ਸੁਲਝਾਉਣ ਵਾਲਾ ਹੋਵੇ। ਭਾਵ ਇਹ ਕਿ ਮਸਲਿਆਂ ਦਾ ਹੱਲ ਇਹੋ ਜਿਹਾ ਹੋਵੇ ਜੋ ਸਮਾਜ ਦੇ ਆਮ ਹਿਤ ਅਤੇ ਇਹਦੇ ਮੈਂਬਰਾਂ ਦੇ ਵਿਅਕਤੀਗਤ ਹਿਤਾਂ ਦੀ ਹਿਫ਼ਾਜ਼ਤ ਕਰੇ। ਇਹੋ ਜਿਹੀ ਪਾਰਟੀ ਨੂੰ ਆਪਣੇ ਸਿਆਸੀ ਪ੍ਰੋਗਰਾਮ ਦੀ ਵਿਆਖਿਆ ਕਰਨ ਲਈ ਪਹਿਲੀ ਲੋੜ ਇਹ ਹੈ ਕਿ ਇਸ ਸੰਕਲਪ ਦੀ ਸਿਧਾਂਤਕ ਵਿਆਖਿਆ ਦੇਵੇ ਕਿ ਕੋਈ ਮੁਤਬਾਦਲ ਮੌਜੂਦ ਹੈ। ਮੌਜੂਦਾ ਸਿਸਟਮ ਦੀਆਂ ਪੈਦਾ ਕੀਤੀਆਂ ਹੋਈ ਸਮਾਜ ਅੰਦਰਲੀਆਂ ਖਰਾਬੀਆਂ ਦਾ ਕੋਈ ਬਦਲ ਹੈ। ਮਿਸਾਲ ਦੇ ਤੌਰ ਤੇ, ਬੇਰੁਜ਼ਗਾਰੀ ਦੇ ਨਿਤ ਦੇ ਮਸਲੇ ਦਾ ਬਦਲ ਹੈ। ਕੀ ਬਦਲ ਹੈ? ਇਹ ਕਿਵੇਂ ਲਿਆਂਦਾ ਜਾ ਸਕਦਾ ਹੈ? ਅੱਜ ਕੱਲ ਬੇਰੁਜ਼ਗਾਰੀ ਹੋਣਾ ਵਾਜਬ ਦੱਸਣ ਲਈ ਜਾਂ ਤਾਂ ਇਹ ਕਿਹਾ ਜਾਂਦਾ ਹੈ ਕਿ ਹੋਰ ਕੋਈ ਚਾਰਾ ਹੀ ਨਹੀਂ ਤੇ ਜਾਂ ਕਿਹਾ ਜਾਂਦਾ ਹੈ ਕਿ ਕਈ ਕੰਪਨੀਆਂ ਜਾਂ ਵਿਅਕਤੀ ਖੁੱਲ੍ਹੀ ਮੰਡੀ ਦੇ ਕਰੜੇ ਮੁਕਾਬਲੇ ਵਿਚ ਬਚਣ ਵਿਚ ਪੂਰੇ ਹੁਸ਼ਿਆਰ ਨਹੀਂ ਹਨ। ਇਸ ਮਨੌਤ ਨਾਲ ਲੜਨ ਦੀ ਕੋਈ ਲੋੜ ਨਹੀਂ ਪਰ ਇਕ ਹੋਰ ਨੁਕਤਾ ਹੈ ਜਿਹਦੇ ਤੇ ਜ਼ੋਰ ਦੇਣ ਦੀ ਲੋੜ ਹੈ ਕਿ ਸਮਾਜ ਦੇ ਹਰੇਕ ਮੈਂਬਰ ਦੇ ਹੱਕ ਹਨ। ਕੀ ਹਰ ਵਿਅਕਤੀ, ਜਿਹੜਾ ਸਮਾਜ ਵਿਚ ਜੰਮਿਆਂ ਹੈ ਜਾਂ ਜਿਹਨੂੰ ਸਮਾਜ ਨੇ ਆਪਣਾ ਮੈਂਬਰ ਬਣਾਇਆ ਹੈ, ਕੀ ਉਹਦਾ ਇਹ ਜਾਇਜ਼ ਹੱਕ ਨਹੀਂ ਹੈ ਕਿ ਸਮਾਜ ਤੋਂ ਕੋਈ ਮੰਗ ਕਰ ਸਕੇ ਅਤੇ ਉਹਦੀ ਮੰਗ ਪੂਰੀ ਕਰਨ ਦੀ ਸਮਾਜ ਜ਼ੁੰਮੇਵਾਰੀ ਲਵੇ? ਇਸ ਹੱਕ ਨੂੰ ਮੰਨਣ ਦੇ ਬਗੈਰ ਕੋਈ ਹੋਰ ਬਦਲ ਹੈ? ਉਹ ਬਦਲ ਕੀ ਹੋਵੇਗਾ? ਕੀ ਮੁਤਬਾਦਲ ਇਹ ਹੈ ਕਿ ਕੋਈ ਭੁਖਾ ਮਰੇ, ਨੰਗਾ ਰਹੇ, ਅਨਪੜ੍ਹ ਰਹੇ, ਸਭਿਆਚਾਰ ਅਤੇ ਹਿਫ਼ਾਜ਼ਤ ਦੇ ਬਗੈਰ ਗੁਜ਼ਾਰਾ ਕਰੇ? ਕੀ ਹੋਵੇਗਾ ਮੁਤਬਾਦਲ? ਦੂਸਰੇ ਲਫ਼ਜ਼ਾਂ ਵਿਚ, ਕੋਈ ਸਿਆਸੀ ਪਾਰਟੀ ਆਪਣੀਆਂ ਨੀਤੀਆਂ ਦੇ ਹੱਕ ਵਿਚ ਇਹ ਤਾਂ ਕਹਿ ਸਕਦੀ ਹੈ ਕਿ ਹੋਰ ਕੋਈ ਬਦਲ ਹੀ ਨਹੀਂ ਪਰ ਇਹ ਨਹੀਂ ਕਹਿ ਸਕਦੀ ਕਿ ਸਮਾਜ ਦੇ ਮੈਂਬਰਾਂ ਦਾ ਸਮਾਜ ਉੱਤੇ ਕੋਈ ਦਾਅਵਾ ਨਹੀਂ। ਇਹ ਇਕ ਹਕੀਕਤ ਹੈ ਸਮਾਜ ਦੇ ਮੈਂਬਰ ਜਿਉਂਦੇ ਰਹਿਣ ਲਈ ਸਮਾਜ ਉੱਤੇ ਨਿਰਭਰ ਕਰਦੇ ਹਨ। ਇਸ ਕਰਕੇ ਸਮਾਜ ਦਾ ਇਹ ਪੱਕਾ ਜ਼ਿੰਮਾ ਹੈ ਕਿ ਆਪਣੇ ਮੈਂਬਰਾਂ ਦੀਆਂ ਜ਼ਰੂਰਤਾਂ ਪੂਰੀਆਂ ਕਰੇ। ਇਹੋ ਜਿਹੀ ਸਿਆਸੀ ਪਾਰਟੀ ਇਹ ਸਵਾਲ ਵੀ ਲਾਜ਼ਮੀ ਉਠਾਏ ਤਾਂ ਕਿ ਗੱਲ ਪੂਰੀ ਤਰ੍ਹਾਂ ਸਾਫ਼ ਹੋ ਜਾਵੇ। ਇਹ ਪੁੱਛੇਗੀਃ ਕੀ ਬੇਰੁਜ਼ਗਾਰੀ ਸਮਾਜ ਦੇ ਹਿਤਾਂ ਵਿਚ ਹੈ? ਕੀ ਬੇਰੁਜ਼ਗਾਰੀ ਸਮਾਜ ਦੇ ਮੈਂਬਰਾਂ ਦੇ ਵਿਅਕਤੀਗਤ ਹਿਤਾਂ ਵਿਚ ਹੈ? ਮਤਲਬ ਇਹ ਕਿ ਇਹੋ ਜਿਹੀ ਪਾਰਟੀ ਇਹ ਸਵਾਲ ਖੜਾ ਕਰਨ ਤੋਂ ਪਹਿਲਾਂ ਕਿ ਸਮਾਜ ਦੇ ਸਾਰੇ ਮੈਂਬਰਾਂ ਦੇ ਸਮਾਜ ਪ੍ਰਤੀ ਫ਼ਰਜ਼ ਹਨ, ਸਵਾਲ ਖੜਾ ਕਰੇ ਕਿ ਕੀ ਇਕ ਬੇਰੁਜ਼ਗਾਰ ਵਿਅਕਤੀ ਸਮਾਜ ਵੱਲ ਆਪਣਾ ਫ਼ਰਜ਼ ਪੂਰਾ ਕਰ ਰਿਹਾ ਹੈ? ਜਦ ਮੁੜ ਘਿੜ ਕੇ ਕਿਹਾ ਜਾਂਦਾ ਹੈ ਕਿ ਬੇਰੁਜ਼ਗਾਰੀ ਦਾ ਕੋਈ ਮੁਤਬਾਦਲ ਨਹੀਂ ਤਾਂ ਇਹ ਪੁੱਛਣਾ ਲਾਜ਼ਮੀ ਬਣ ਜਾਂਦਾ ਹੈ ਕਿ ਬੇਰੁਜ਼ਗਾਰ ਸਮਾਜ ਦੇ ਕੰਮ ਵਿਚ ਆਪਣਾ ਹਿਸਾ ਕਿਵੇਂ ਪਾਉਣ? ਬੇਰੁਜ਼ਗਾਰੀ ਬੀਮੇ ਜਾਂ ਵੈਲਫੇਅਰ ਦੇ ਪੈਸੇ ਹਾਸਲ ਕਰਕੇ ਕੀ ਉਹ ਸਮਾਜ ਵਿਚ ਆਪਣਾ ਯੋਗਦਾਨ ਪਾ ਰਹੇ ਹਨ? ਕਿਵੇਂ? ਇਹ ਸਵਾਲ ਤੇ ਇਸ ਤਰ੍ਹਾਂ ਦੇ ਹੋਰ ਸਵਾਲ ਉਤਰ ਮੰਗਦੇ ਹਨ। ਮਿਸਾਲ ਦੇ ਤੌਰ ਤੇ, ਇਹ ਸਾਬਤ ਹੋ ਚੁਕਾ ਹੈ ਕਿ ਮੌਜੂਦਾ ਸਿਸਟਮ ਆਪਣੀਆਂ ਆਰਥਕ ਤੇ ਸਿਆਸੀ ਖ਼ਰਾਬੀਆਂ ਨੂੰ ਦੂਰ ਨਹੀਂ ਕਰ ਸਕਦਾ। ਕੀ ਇਹ ਗੱਲ ਸਮਾਜ ਦੇ ਆਮ ਹਿਤਾਂ ਅਤੇ ਇਹਦੇ ਮੈਂਬਰਾਂ ਦੇ ਵਿਅਕਤੀਗਤ ਹਿਤਾਂ ਦੇ ਵਿਚ ਨਹੀਂ ਜਾਂਦੀ ਜੇ ਕੋਈ ਅਜੇਹੀ ਪਾਰਟੀ ਉਠੇ ਜੋ ਖ਼ਰਾਬੀਆਂ ਦਾ ਹੱਲ ਲੱਭਣ ਦੀ ਗੱਲ ਕਰੇ ਨਾ ਕਿ ਇਸ ਸਿਸਟਮ ਨੂੰ ਬਚਾਉਣ ਦਾ ਫ਼ਿਕਰ ਕਰੇ? ਅਮੀਰਾਂ ਦੇ ਹੋਰ ਅਮੀਰ ਅਤੇ ਗਰੀਬਾਂ ਦੇ ਹੋਰ ਗਰੀਬ ਹੋਣ ਦੇ ਅਮਲ ਨੂੰ ਖ਼ਤਮ ਕਰਨਾ ਪਵੇਗਾ। ਆਪਣੀ ਪਾਲਸੀ ਮਿਥਦੇ ਵੇਲੇ ਪਾਰਟੀ ਨੂੰ ਇਸ ਗੱਲ ਵੱਲ ਸਿਰੇ ਦੀ ਤਵੱਜੋ ਦੇਣੀ ਹੋਵੇਗੀ ਕਿ ਸਮਾਜ ਆਪਣੇ ਮੈਂਬਰਾਂ ਦੀ ਇਸ ਮੰਗ ਨੂੰ ਪੂਰਾ ਕਰੇ ਕਿ ਇਨ੍ਹਾਂ ਦੀ ਭਲਾਈ ਦੇ ਹਾਲਾਤ ਬਣਾਏ ਜਾਣ ਤਾਂ ਕਿ ਸਮਾਜ ਦੇ ਆਮ ਹਿਤਾਂ ਦੀ ਹਿਫ਼ਾਜ਼ਤ ਦੀ ਗਰੰਟੀ ਲਈ ਸਾਜ਼ਗਾਰ ਹਾਲਾਤ ਬਣਾਉਣ ਲਈ ਲੋੜੀਂਦੀਆਂ ਤਬਦੀਲੀਆਂ ਲਿਆਂਦੀਆਂ ਜਾ ਸਕਣ। ਸਮਾਜ ਦੇ ਆਮ ਹਿਤਾਂ ਅਤੇ ਵਿਅਕਤੀ ਦੇ ਆਪਣੇ ਹਿਤਾਂ ਦੇ ਇਲਾਵਾ ਸਮਾਜ ਵਿਚ ਸਮੂਹਾਂ ਦੇ ਵੀ ਹਿਤ ਹਨ। ਕਿੰਨ੍ਹਾਂ ਦੇ ਹਿਤਾਂ ਨੂੰ ਪਹਿਲ ਦਿਤੀ ਜਾਵੇ? ਕੀ ਇਹ ਕਿਹਾ ਜਾ ਸਕਦਾ ਹੈ ਕਿ ਵਿਅਕਤੀ ਦੇ ਹਿਤਾਂ ਨੂੰ ਸਭ ਤੋਂ ਵੱਧ ਤਰਜੀਹ ਦਿਤੀ ਜਾਣੀ ਚਾਹੀਦੀ ਹੈ? ਇਹ ਦਲੀਲ ਕਿ ਵਿਅਕਤੀ ਦੇ ਅਮੀਰ ਬਣਨ ਦਾ ਹੱਕ ਬਾਕੀ ਸਾਰਿਆਂ ਦੇ ਹੱਕ ਤੋਂ ਉਪਰ ਹੋਣਾ ਚਾਹੀਦਾ ਹੈ ਇਕ ਬੇਹੂਦਾ ਦਲੀਲ ਹੈ। ਕਿਸੇ ਵਿਅਕਤੀ ਦੇ ਅਮੀਰ ਹੋਣ ਦੇ ਹੱਕ ਦੀ ਜ਼ਾਮਨੀ ਦੇਣਾ ਸਮਾਜ ਦੇ ਆਮ ਹਿਤ ਦੇ ਖ਼ਿਲਾਫ਼ ਜਾਂਦਾ ਹੈ ਕਿਉਂਕਿ ਇਹ ਗੱਲ ਦੀ ਗਰੰਟੀ ਸਮਾਜ ਦੇ ਸਾਰੇ ਮੈਂਬਰਾਂ ਨੂੰ ਨਹੀਂ ਦਿਤੀ ਜਾ ਸਕਦੀ। ਇਹਦੇ ਨਾਲ ਹੀ ਇਹ ਕਹਿਣਾ ਵੀ ਠੀਕ ਨਹੀਂ ਵਿਅਕਤੀਗਤ ਹਿਤਾਂ ਨੂੰ ਲਾਜ਼ਮੀ ਹੀ ਸਮਾਜ ਦੇ ਆਮ ਹਿਤਾਂ ਦੇ ਮਤਹਿਤ ਰੱਖਿਆ ਜਾਵੇ ਕਿਉਂਕਿ ਇਸ ਦਾ ਮਤਲਬ ਇਹ ਹੈ ਅਜਿਹੇ ਹਾਲਾਤ ਬਣਾਉਣੇ ਜਿਨ੍ਹਾਂ ਦਾ ਤਜਰਬਾ ਉਹ ਸਮਾਜ ਕਰ ਚੁਕੇ ਹਨ ਜਿਥੇ ਸਮਾਜ ਦੇ ਆਮ ਹਿਤ ਨੂੰ ਮੈਂਬਰਾਂ ਦੇ ਵਿਅਕਤੀਗਤ ਹਿਤਾਂ ਨਾਲੋਂ ਉਪਰ ਰੱਖਣ ਦੀ ਮੰਗ ਮੰਨਣ ਨਾਲ ਲੋਕਾਂ ਦੇ ਵਿਅਕਤੀਗਤ ਹਿਤਾਂ ਦਾ ਘਾਣ ਹੋਇਆ ਸੀ। ਕੀ ਇਹ ਕਹਿ ਸਕਦੇ ਹਾਂ ਕਿ ਬੰਦੇ ਦੇ ਜ਼ਾਤੀ ਹਿਤਾਂ ਅਤੇ ਸਮਾਜ ਦੇ ਆਮ ਹਿਤਾਂ ਨਾਲੋਂ ਉਪਰ ਸਮੂਹਾਂ ਦੇ ਹਿਤਾਂ ਨੂੰ ਰੱਖਿਆ ਜਾਵੇ? ਅਜਿਹੇ ਸਵਾਲਾਂ ਨੂੰ ਗੰਭੀਰਤਾ ਨਾਲ ਸੋਚਣ ਦੀ ਲੋੜ ਹੈ। ਇਕ ਪਾਰਟੀ ਨੂੰ ਇਸ ਮਸਲੇ ਬਾਰੇ ਸੋਚਦਿਆਂ ਵਰਤਮਾਨ ਦੀਆਂ ਜ਼ਰੂਰਤਾਂ ਨੂੰ ਅਤੇ ਬੀਤੇ ਹੋਏ ਦੇ ਇਤਿਹਾਸਿਕ ਤਜਰਬੇ ਨੂੰ ਧਿਆਨ ਵਿਚ ਰੱਖਣਾ ਪਵੇਗਾ। ਦੈਵੀ ਹੱਕਾਂ ਦੀ ਸਰਬਉਚਤਾ ਦੇ ਖ਼ਾਤਮੇ ਦੇ ਦੌਰ ਵਿਚ ਇਤਿਹਾਸ ਦੇ ਕੇਂਦਰੀ ਸਥਾਨ ਨੂੰ ਜਾਇਦਾਦਾਂ ਦੇ ਮਾਲਕ ਬੰਦੇ ਸਾਂਭ ਗਏ। ਉਨ੍ਹਾਂ ਨੇ ਸਾਰੀ ਤਾਕਤ ਆਪਣੇ ਹੱਥਾਂ ਵਿਚ ਕਰ ਲਈ ਤੇ ਆਪਣੇ

ਸੁਫ਼ਨਿਆਂ ਦਾ ਸਮਾਜ ਸਿਰਜਿਆ ਜਿਹਦੇ ਵਿਚ ਉਨ੍ਹਾਂ ਦੀਆਂ ਜ਼ਾਤੀ ਲੋੜਾਂ ਅਤੇ ਹਿਤਾਂ ਨੂੰ ਪਹਿਲ ਦੇਣੀ ਸਮਾਜ ਦਾ ਮੁਖ ਕਰਤਵ ਸੀ। ਸਮਾਜ ਨੂੰ ਹੋਰ ਅੱਗੇ ਲਿਜਾਣ ਦੀ ਬਜਾਏ ਉਹ ਤਾਕਤ ਨੂੰ ਜੱਫਾ ਮਾਰ ਕੇ ਬਹਿ ਗਏ ਤੇ ਸਮਾਜ ਦੇ ਆਮ ਹਿਤ ਅਤੇ ਸਮਾਜ ਦੇ ਮੈਂਬਰਾਂ ਦੇ ਵਿਅਕਤੀਗਤ ਹਿਤਾਂ ਨੂੰ ਉਨ੍ਹਾਂ ਨੇ ਆਪਣੇ ਜ਼ਾਤੀ ਹਿਤਾਂ ਦੇ ਅਧੀਨ ਕਰ ਦਿਤਾ। ਇਹ ਚੀਜ਼ ਸਮਾਜ ਦੀ ਹੋਰ ਤਰੱਕੀ ਦੇ ਰਾਹ ਵਿਚ ਰੋੜਾ ਬਣ ਗਈ। ਇਨ੍ਹਾਂ ਬੰਦਿਆਂ ਦੇ ਹਿਤ ਅੱਜ ਸਮਾਜ ਲਈ ਬਿਲਕੁਲ ਫ਼ਜ਼ੂਲ ਬਣ ਗਏ ਹਨ। ਆਪਣੀ ਤਰੱਕੀ ਲਈ ਅੱਜ ਸਮਾਜ ਨੂੰ ਜਾਇਦਾਦਾਂ ਦੇ ਮਾਲਕ ਜ਼ੋਰਾਵਰ ਬੰਦਿਆਂ ਦੀ ਜ਼ਰਾ ਵੀ ਲੋੜ ਨਹੀਂ ਬਲਕਿ ਸਮਾਜ ਦੀ ਤਰੱਕੀ ਦੇ ਰਾਹ ਦੀ ਇਹ ਹੁਣ ਵੱਡੀ ਰੁਕਾਵਟ ਬਣ ਗਏ ਹਨ। ਅੱਜ ਵੀ ਜੇ ਕੋਈ ਵਿਅਕਤੀ ਜਾਂ ਵਿਅਕਤੀਆਂ ਦਾ ਸਮੂਹ ਆਪਣੇ ਹਿਤਾਂ ਨੂੰ ਪਾਲਣ ਲਈ ਤਾਕਤ ਨੂੰ ਜੱਫਾ ਮਾਰ ਕੇ ਬਹਿ ਜਾਏਗਾ ਤਾਂ ਨਤੀਜਾ ਇਹੋ ਹੀ ਨਿਕਲੇਗਾ। ਆਰਥਿਕਤਾ ਦੇ ਖੇਤਰ ਵਿਚ ਆਈ ਤਬਦੀਲੀ, ਪੈਦਾਵਾਰੀ ਸ਼ਕਤੀਆਂ ਵਿਚ ਆਈ ਕਰਾਂਤੀ ਨੇ ਸਮੂਹ ਨੂੰ ਸਮਾਜ ਵਿਚ ਇਹੋ ਜਿਹੀ ਕੇਂਦਰੀ ਥਾਂ ਤੇ ਲੈ ਆਂਦਾ ਹੈ ਕਿ ਇਸ ਨੂੰ ਲਾਜ਼ਮੀ ਤੌਰ ਤੇ ਸਮਾਜ ਦੇ ਆਮ ਹਿਤ ਦੀ ਅਤੇ ਇਹਦੇ ਮੈਂਬਰਾਂ ਦੇ ਵਿਸ਼ੇਸ਼ ਹਿਤਾਂ ਦੀ ਨੁਮਾਇੰਦਗੀ ਕਰਨ ਪਵੇਗੀ। ਇਹ ਹਕੀਕਤ ਮੰਗ ਕਰ ਰਹੀ ਹੈ ਕਿ ਸਿਆਸੀ ਪ੍ਰਣਾਲੀ ਨੂੰ ਲਾਜ਼ਮੀ ਤਬਦੀਲ ਕੀਤਾ ਜਾਵੇ ਤਾਂ ਕਿ ਕਰਾਂਤੀਕਰਨ ਲਈ ਥਾਂ ਬਣੇ ਤੇ ਅੱਗੇ ਦਾ ਵਿਕਾਸ ਹੋਵੇ। ਇਸ ਵੇਲੇ ਕਿਸ ਤਰ੍ਹਾਂ ਦੇ ਸਮੂਹ ਨੇ ਕੇਂਦਰੀ ਥਾਂ ਲਈ ਹੈ? ਇਨ੍ਹਾਂ ਸਮੂਹਾਂ ਦਾ ਸਮਾਜ ਦੇ ਆਮ ਹਿਤਾਂ ਅਤੇ ਮੈਂਬਰਾਂ ਦੇ ਵਿਅਕਤੀਗਤ ਹਿਤਾਂ ਬਾਰੇ ਕੀ ਵਿਚਾਰ ਹੈ? ਅੱਜ, ਦੋ ਤਰ੍ਹਾਂ ਦੇ ਸਮੂਹ ਮੌਜੂਦ ਹਨ ਜਿਨ੍ਹਾਂ ਵਿਚ ਤਿਖਾ ਭੇੜ ਹੋਣ ਵਾਲਾ ਹੈ। ਇਕ ਪਾਸੇ ਵੱਡੇ ਵੱਡੇ ਵਪਾਰਕ ਸਮੂਹ ਹਨ ਜਿਨ੍ਹਾਂ ਦੀ ਸੇਵਾ ਸਰਕਾਰਾਂ, ਸਿਆਸੀ ਪਾਰਟੀਆਂ ਅਤੇ ਲੇਬਰ ਚੌਧਰੀ ਕਰ ਰਹੇ ਹਨ ਅਤੇ ਮੀਡੀਆ ਦੇ ਸਮੇਤ ਇਹ ਇਕ ਕੁਲੀਨ ਵਰਗ ਬਣ ਬੈਠਾ ਹੈ ਜੋ ਤਾਕਤ ਨੂੰ ਅਤੇ ਉਚੇਚੇ ਹੱਕਾਂ ਨੂੰ ਜੱਫਾ ਮਾਰ ਗਿਆ ਹੈ। ਸਥਿਤੀ ਨੂੰ ਜਿਉਂ ਦਾ ਤਿਉਂ ਕਾਇਮ ਰੱਖਣ ਲਈ ਇਹ ਇਕੱਠੇ ਹਨ, ਜਦ ਕਿ ਆਪੋ ਆਪਣੇ ਹਿਤਾਂ ਅਤੇ ਉਚੇਚੇ ਹੱਕਾਂ ਲਈ ਆਪਸ ਵਿਚ ਲੈਣ ਦੇਣ ਵੀ ਕਰ ਲੈਂਦੇ ਹਨ। ਦੂਸਰੇ ਸਮੂਹ ਹਨ ਔਰਤਾਂ, ਮਜ਼ਦੂਰਾਂ, ਬੇਰੁਜ਼ਗਾਰ ਮਜ਼ਦੂਰਾਂ, ਜ਼ਖ਼ਮੀ ਮਜ਼ਦੂਰਾਂ, ਵਿਸ਼ੇਸ਼ ਲੋੜਾਂ ਵਾਲੇ ਲੋਕਾਂ, ਪੇਸ਼ਾਵਰ ਲੋਕਾਂ ਅਤੇ ਸਮਾਜ ਦੇ ਹੋਰ ਤਬਕਿਆਂ ਦੇ ਲੋਕਾਂ ਦੇ ਜੋ ਆਰਥਕ , ਸਭਿਆਚਾਰਕ, ਸਿਆਸੀ ਤੇ ਸਮਾਜੀ ਖੇਤਰਾਂ ਨਾਲ ਸਬੰਧ ਰਖਦੇ ਹਨ। ਇਨ੍ਹਾਂ ਸਮੂਹਾਂ ਦੇ ਹਿਤ ਤਾਂ ਹੀ ਪੂਰੇ ਹੋ ਸਕਦੇ ਹਨ ਜੇ ਕਰ ਇਕ ਅਜੇਹਾ ਪ੍ਰੋਗਰਾਮ ਲੈ ਕੇ ਚਲਣ ਜੋ ਸਮਾਜ ਦੇ ਆਮ ਹਿਤਾਂ ਅਤੇ ਵਿਅਕਤੀ ਦੇ ਵਿਸ਼ੇਸ਼ ਹਿਤਾਂ ਦੇ ਚੌਖਟੇ ਵਿਚ ਇਨ੍ਹਾਂ ਸਮੂਹਾਂ ਦੇ ਹਿਤਾਂ ਦੀ ਰਾਖੀ ਕਰੇ। ਇਸ ਚੌਖਟੇ ਵਿਚ ਇਨ੍ਹਾਂ ਸਮੂਹਾਂ ਦੇ ਹਿਤ ਵੀ ਪੂਰੇ ਹੋ ਸਕਦੇ ਹਨ ਤੇ ਸਮਾਜ ਤਰੱਕੀ ਵੀ ਕਰ ਸਕਦਾ ਹੈ। ਇਸ ਵੇਲੇ ਇਕ ਸਿਆਸੀ ਪਾਰਟੀ ਨੂੰ ਇਹ ਗੱਲ ਪੱਲੇ ਬੰਨ੍ਹ ਲੈਣੀ ਚਾਹੀਦੀ ਹੈ ਕਿ ਪੈਦਾਵਾਰ ਦੀ ਵਿਧੀ ਵਿਚ ਵੀ ਅਤੇ ਸਿਆਸਤ ਦੇ ਪਿੜ ਵਿਚ ਵੀ ਸਮੂਹ ਬਹੁਤ ਹੀ ਅਹਿਮ ਹੈ। ਇਹੋ ਜਿਹੀ ਪਾਰਟੀ ਨੂੰ ਮੰਗ ਕਰਨੀ ਚਾਹੀਦੀ ਹੈ ਕਿ ਲਾਜ਼ਮੀ ਤੌਰ ਤੇ ਸਾਰੇ ਸਮੂਹ ਸਮਾਜ ਦੇ ਆਮ ਹਿਤ ਅਤੇ ਇਹਦੇ ਮੈਂਬਰਾਂ ਦੇ ਵਿਅਕਤੀਗਤ ਹਿਤਾਂ ਲਈ ਕੰਮ ਕਰਨ। ਮਤਲਬ ਇਹ ਹੈ ਕਿ ਜਿਹੜਾ ਸਮੂਹ ਸਮਾਜ ਦੇ ਆਮ ਹਿਤਾਂ ਅਤੇ ਇਹਦੇ ਮੈਂਬਰਾਂ ਦੇ ਵਿਅਕਤੀਗਤ ਹਿਤਾਂ ਦੀ ਪਰਵਾਹ ਕੀਤੇ ਬਗੈਰ ਸਿਰਫ਼ ਆਪਣੇ ਹੀ ਹਿਤਾਂ ਲਈ ਹੀ ਲੜਦਾ ਹੈ ਉਹ ਸਮਾਜ ਦੀ ਤਰੱਕੀ ਵਿਚ ਰੋੜਾ ਹੈ। ਫੇਰ, ਕੀ ਇਹ ਕਿਹਾ ਜਾ ਸਕਦਾ ਹੈ ਕਿ ਸਮਾਜ ਅਤੇ ਵਿਅਕਤੀ ਲਾਜ਼ਮੀ ਤੌਰ ਤੇ ਸਮੂਹ ਲਈ ਕੰਮ ਕਰਨ? ਨਹੀਂ, ਇਹ ਨਹੀਂ ਕਿਹਾ ਜਾ ਸਕਦਾ। ਜਿਸ ਵੇਲੇ ਜਾਇਦਾਦਾਂ ਦੇ ਮਾਲਕ ਬੰਦਿਆਂ ਨੇ ਇਤਿਹਾਸ ਦੀ ਕੇਂਦਰੀ ਥਾਂ ਮੱਲ ਲਈ, ਉਸੇ ਵੇਲੇ ਉਨ੍ਹਾਂ ਦਾ ਆਪਣੇ ਹਿਤਾਂ ਦੀ ਰਾਖੀ ਲਈ ਕੰਮ ਕਰਨ ਦਾ ਹੱਕ ਜਾਂਦਾ ਰਿਹਾ ਸੀ। ਲੇਕਿਨ, ਇਤਿਹਾਸ ਦੀ ਕੇਂਦਰੀ ਭੂਮਿਕਾ ਸਾਂਭ ਕੇ ਮਨਮਰਜ਼ੀ ਨਾਲ ਰਾਜ ਕਰਨ ਨੂੰ ਇਨ੍ਹਾਂ ਨੇ ਆਪਣਾ ਜਮਾਂਦਰੂ ਹੱਕ ਸਮਝ ਲਿਆ। ਸਮਾਜ ਦੀ ਤਰੱਕੀ ਦੇ ਰਾਹ ਵਿਚ ਇਹ ਚੀਜ਼ ਰੁਕਾਵਟ ਬਣ ਗਈ। ਇਹੋ ਕਾਰਨ ਹੈ ਕਿ ਉਹ ਇਕ ਅਜਿਹੀ ਚੀਜ਼ ਬਣ ਕੇ ਰਹਿ ਗਏ ਜਿਹਦੀ ਸਮਾਜ ਨੂੰ ਕੋਈ ਲੋੜ ਨਹੀਂ। ਸਮਾਜ ਨੂੰ ਸੇਧ ਦੇਣ ਵਿਚ ਦੈਵੀ ਹੱਕਾਂ ਦੀ ਹੁਣ ਕੋਈ ਥਾਂ ਨਹੀਂ ਰਹੀ ਕਿਉਂਕਿ ਸਮਾਜ ਉਸ ਸਟੇਜ ਤੋਂ ਅਗਾਂਹ ਆ ਚੁਕਾ ਹੈ। ਸਮੂਹਾਂ ਨੂੰ ਕੇਂਦਰੀ ਸਟੇਜ ਸੰਭਾਲਣੀ ਪਵੇਗੀ। ਆਪਣੀ ਮੰਗ ਦੀ ਪੂਰਤੀ ਲਈ ਉਨ੍ਹਾਂ ਨੂੰ ਸਮਾਜ ਦੇ ਆਮ ਹਿਤ ਅਤੇ ਸਮਾਜ ਦੇ ਮੈਂਬਰਾਂ ਦੇ ਵਿਅਕਤੀਗਤ ਹਿਤਾਂ ਦੀ ਰਾਖੀ ਨੂੰ ਕੇਂਦਰੀ ਥਾਂ ਦੇਣੀ ਪਵੇਗੀ। ਸਮਾਜ ਦੇ ਆਮ ਹਿਤਾਂ ਅਤੇ ਸਮਾਜ ਦੇ ਮੈਂਬਰਾਂ ਦੇ ਵਿਅਕਤੀਗਤ ਹਿਤਾਂ ਨੂੰ ਸਮੂਹ ਦੇ ਹਿਤਾਂ ਤੋਂ ਥੱਲੇ ਰੱਖਣ ਨਾਲ ਸਮੂਹ ਦੇ ਹਿਤਾਂ ਨੂੰ ਵੀ ਨੁਕਸਾਨ ਹੋਵੇਗਾ ਅਤੇ ਸਮਾਜ ਦੇ ਮੈਂਬਰਾਂ ਦੇ ਹਿਤ ਵੀ ਨੁਕਸਾਨ ਉਠਾਉਣਗੇ। ਜੇ ਕੋਈ ਪਾਰਟੀ ਵਾਕਈ ਸਮਾਜ ਦੀ ਤਰੱਕੀ ਦਾ ਨਿਸ਼ਾਨਾ ਰੱਖਦੀ ਹੈ ਤਾਂ ਇਹਨੂੰ ਲਾਜ਼ਮੀ ਤੌਰ ਤੇ ਇਸ ਤਰੀਕੇ ਨਾਲ ਆਪਣਾ ਸਿਆਸੀ ਪ੍ਰੋਗਰਾਮ ਤਿਆਰ ਕਰਨਾ ਹੋਵੇਗਾ ਜੋ ਸਮਾਜ ਦੇ ਆਮ ਹਿਤਾਂ ਅਤੇ ਸਮਾਜ ਦੇ ਮੈਂਬਰਾਂ ਦੇ ਵਿਅਕਤੀਗਤ ਹਿਤਾਂ ਵਿਚ ਜਾਂਦਾ ਹੋਵੇ।

## ਸਿਆਸੀ ਪ੍ਰਣਾਲੀ ਵਿਚ ਤਬਦੀਲੀ

ਇਹੋ ਜਿਹੀ ਪਾਰਟੀ ਦੇ ਸਿਆਸੀ ਪ੍ਰੋਗਰਾਮ ਦਾ ਪਹਿਲਾ ਨੁਕਤਾ ਸਿਆਸੀ ਪ੍ਰਣਾਲੀ ਵਿਚ ਤਬਦੀਲੀ ਦੀ ਮੰਗ ਕਰਨਾ ਹੋਵੇਗਾ। ਇਹ ਇਕ ਠੋਸ ਮੰਗ ਹੈ ਕਿਉਂਕਿ ਇਹ ਮੰਗ ਚੋਣਕਾਰਾਂ ਦੀ ਹੈ। ਮੌਜੂਦਾ ਸਿਆਸੀ ਪ੍ਰਣਾਲੀ ਵਿਅਕਤੀਆਂ ਦੇ ਤਾਕਤ ਵਿਚ ਆਉਣ ਦਾ ਪੱਖ ਪੂਰਦੀ ਹੈ। ਤਾਕਤ ਵਿਚ ਆਉਣ ਦੇ ਖ਼ਾਹਿਸ਼ਮੰਦਾਂ ਦੀ ਮੱਦਦ ਕਰਨ ਵਾਲੇ ਵੱਡੇ ਵੱਡੇ ਆਰਥਕ ਹਿਤ ਹਨ। ਤਾਕਤ ਵਿਚ ਆ ਕੇ ਇਹ ਵਿਅਕਤੀ ਉਹੋ ਕੰਮ ਕਰਦੇ ਹਨ ਜੋ ਵਿਸ਼ੇਸ਼ ਹਿਤਾਂ ਵਾਲੇ ਕਹਿੰਦੇ ਹਨ। ਜੇਕਰ ਸਿਆਸੀ ਪ੍ਰਣਾਲੀ ਵਿਅਕਤੀ ਦੇ ਚੁਣੇ ਜਾਣ ਦਾ ਪੱਖ ਲੈਣ ਦੇ ਨਾਲ ਨਾਲ ਚੋਣਕਾਰ ਨੂੰ ਵੀ ਤਾਕਤ ਦੇਵੇ ਤਾਂ ਕਿ ਇਹ ਸਿਆਸੀ ਤਬਦੀਲੀਆਂ ਲਿਆ ਸਕੇ ਨਾ ਸਿਰਫ਼ ਵੋਟਰ ਹੀ ਬਣਿਆਂ ਰਹੇ, ਤਾਂ ਸਮਾਜ ਤਰੱਕੀ ਕਰੇਗਾ। ਚੋਣਕਾਰ ਇਹ ਮਨਵਾ ਸਕੇਗਾ ਕਿ ਸਮਾਜ ਦੇ ਆਮ ਹਿਤ ਅਤੇ ਸਮਾਜ ਦੇ ਮੈਂਬਰਾਂ ਦੇ ਵਿਅਕਤੀਗਤ ਹਿਤਾਂ ਨੂੰ ਲਾਜ਼ਮੀ ਪੂਰਾ ਕੀਤਾ ਜਾਵੇ। ਸਿਆਸੀ ਪ੍ਰਣਾਲੀ ਵਿਚ ਤਬਦੀਲੀ ਲਿਆਉਣਾ ਦੂਰੇ ਖੇਤਰਾਂ ਵਿਚ ਤਬਦੀਲੀਆਂ ਲਿਆਉਣ ਵੱਲ ਪਹਿਲਾ ਕਦਮ

ਹੋਵੇਗਾ। ਇਹੋ ਜਿਹੀ ਸਿਆਸੀ ਪਾਰਟੀ ਨੂੰ ਇਕ ਅਜਿਹਾ ਪ੍ਰੋਗਰਾਮ ਬਣਾਉਣਾ ਪਵੇਗਾ ਜੋ ਅਜਿਹੇ ਵਿਅਕਤੀਆਂ ਨੂੰ ਤਾਕਤ ਵਿਚ ਲਿਆਏ ਜੋ ਸਿਆਸੀ ਪ੍ਰਣਾਲੀ ਵਿਚ ਤਬਦੀਲੀ ਕਰਨ ਵਾਲੇ ਹੋਣ। ਸਿਆਸੀ ਪ੍ਰੋਗਰਾਮ ਦੇ ਪਹਿਲੇ ਨੁਕਤੇ ਵਿਚ ਅਜਿਹੇ ਦਾਅ-ਪੇਚ ਵੀ ਸ਼ਾਮਲ ਹੋਣਗੇ ਜਿਨ੍ਹਾਂ ਨਾਲ ਤਾਕਤ ਵਿਚ ਆਇਆ ਜਾ ਸਕੇ ਤੇ ਸਿਆਸੀ ਪ੍ਰਣਾਲੀ ਨੂੰ ਬਦਲਿਆ ਜਾ ਸਕੇ।

**ਫ਼ਰਵਰੀ 1993**